
ਮਰਹੂਮ ਕਹਾਣੀਕਾਰ
ਲਾਲ ਸਿੰਘ ਦਸੂਹਾ ਜੀ
ਦੀ ਯਾਦ ਨੂੰ ਸਮਰਪਿਤ
ਹਫ਼ਤਾਵਰੀ ਆਨਲਾਈਨ ਮੈਗਜੀਨ
ਅਦਬੀ ਵਿਰਾਸਤ
ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ
(ਰਜਿ.) ਪੰਜਾਬ
ਅਦਬੀ ਵਿਰਾਸਤ
ਮੈਗਜ਼ੀਨ
ਅੰਕ 7
6 ਜੁਲਾਈ ਤੋਂ 12 ਜੁਲਾਈ 2026 ਤੱਕ
ਵੱਲੋਂ :-
ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ
(ਰਜਿ.) ਪੰਜਾਬ
ਚੈਅਰਮੈਨ
ਸੁਖਪਾਲਵੀਰ ਸਿੰਘ ਕੈਲਗਰੀ
ਪ੍ਰਬੰਧਕੀ ਸੰਪਾਦਕ
ਅਮਰਜੀਤ ਸਿੰਘ ਦਸੂਹਾ
ਮੁੱਖ ਸੰਪਾਦਕ
ਭੁਪਿੰਦਰ ਸਿੰਘ ਰਾਜਾ
ਇੰਚਾਰਜ
ਗੁਰਪ੍ਰੀਤ ਸਿੰਘ ਪ੍ਰੀਤ ਹੈਪੀ ਸਹੋਤਾ

ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਅੰਕ 07

ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

























ਅਦਬੀ ਵਿਰਾਸਤ ਮੈਗਜ਼ੀਨ ਨੂੰ ਪਿਆਰ ਸਤਿਕਾਰ ਦੇਣ ਵਾਲੇ ਸਾਰੇ ਸਮੂਹ ਲੇਖਕਾਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਅਸੀਂ ਹਿਰਦੇ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ।ਆਪ ਸਭ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਡੇ ਮੈਗਜ਼ੀਨ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਬਖਸ਼ ਕੇ ਸਾਡੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਅਸੀਂ ਆਪ ਦੀਆਂ ਉਮੀਦਾਂ ਤੇ ਖਰੇ ਉਤਰਨ ਲਈ ਦਿਨ ਰਾਤ ਮਿਹਨਤ ਕਰਦੇ ਰਹਾਂਗੇ । ਇਸ ਦੇ ਨਾਲ਼ ਨਾਲ਼ ਆਪ ਤੋਂ ਵੀ ਆਸ ਕਰਦੇ ਹਾਂ ਕਿ ਆਪ ਵੀ ਇਸੇ ਤਰ੍ਹਾਂ ਆਪਣਾ ਪਿਆਰ ਸਾਡੀ ਝੋਲ਼ੀ ਪਾਉਂਦੇ ਰਹੋਗੇ। ਆਪ ਦੇ ਪਿਆਰ ਸਤਿਕਾਰ ਦੇ ਲਗਾਏ ਖੰਭਾਂ ਦੇ ਨਾਲ ਅਸੀਂ ਸਾਰੇ ਸਾਹਿਤ ਜਗਤ ਦੇ ਅਸਮਾਨ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਮਿਹਨਤ ਨਾਲ ਉਡਾਰੀਆਂ ਲਗਾਉਂਦੇ ਰਹਾਂਗੇ। ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ ਉਹਨਾਂ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਜਿਹਨਾ ਨੇ ਵਾਤਾਵਰਨ ਦਿਵਸ ਨੂੰ ਅਹਿਮੀਅਤ ਦਿੰਦੇ ਹੋਏ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਸੰਦੇਸ਼ ਦੇਣ ਵਿੱਚ ਸਾਡੀ ਸਹਾਇਤਾ ਕੀਤੀ ਹੈ। ਇੱਕ ਵਾਰ ਫਿਰ ਤੋਂ ਆਪ ਸਭ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ।

## ਅਦਬੀ ਵਿਰਾਸਤ ਮੈਗਜ਼ੀਨ




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212






ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਅੰਕ 07 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

ਲੜੀ ਨੰਬਰ 448, ਸਥਾਪਨਾ . ਦਸੂਹਾ , 11/07/2026 ਦਿਨ ਸ਼ਨੀਵਾਰ ( ਨਾਨਕਸ਼ਾਹੀ ਸੰਮਤ 27 ਹਾੜ 558) adbivirsat@gmail.com


## ਪਹਿਲਾ ਕਦਮ: ਮਾਨਸਿਕ ਸਿਹਤ ਦੀ ਸੰਭਾਲ ਕਿਉਂ ਜ਼ਰੂਰੀ ਹੈ?


ਡਾ. ਪਰਦੀਪ ਨਾਂਗਲੂ
ਮਨੋਵਿਗਿਆਨੀ
ਮਾਨਸਿਕ ਸਿਹਤ ਮਾਹਿਰ
ਸਿਹਤ ਸਿੱਖਿਆਕਾਰ




ਅਸੀਂ ਆਪਣੇ ਸਰੀਰ ਦੀ ਦੇਖਭਾਲ ਲਈ ਬਹੁਤ ਕੁਝ ਕਰਦੇ ਹਾਂ। ਬੁਖਾਰ ਹੋਵੇ ਤਾਂ ਡਾਕਟਰ ਕੋਲ ਜਾਂਦੇ ਹਾਂ, ਦਰਦ ਹੋਵੇ ਤਾਂ ਦਵਾਈ ਲੈਂਦੇ ਹਾਂ, ਪਰ ਜਦੋਂ ਮਨ ਦੁਖੀ ਹੋਵੇ, ਦਿਲ ਭਾਰਾ ਹੋਵੇ ਜਾਂ ਅੰਦਰੋਂ ਟੁੱਟਣ ਮਹਿਸੂਸ ਹੋਵੇ, ਤਾਂ ਅਕਸਰ ਅਸੀਂ ਚੁੱਪ ਰਹਿ ਜਾਂਦੇ ਹਾਂ। ਇਹੀ ਚੁੱਪੀ ਕਈ ਵਾਰ ਸਾਡੇ ਦੁੱਖ ਨੂੰ ਹੋਰ ਡੂੰਘਾ ਕਰ ਦਿੰਦੀ ਹੈ।

ਮਾਨਸਿਕ ਸਿਹਤ ਸਿਰਫ਼ ਬਿਮਾਰੀ ਦੀ ਗੈਰਹਾਜ਼ਰੀ ਨਹੀਂ ਹੈ। ਇਹ ਸਾਡੇ ਸੋਚਣ, ਮਹਿਸੂਸ ਕਰਨ, ਫ਼ੈਸਲੇ ਲੈਣ ਅਤੇ ਜੀਵਨ ਦੇ ਚੁਣੌਤੀਆਂ ਨਾਲ ਨਜਿੱਠਣ ਦੀ ਸਮਰੱਥਾ ਨਾਲ ਜੁੜੀ ਹੋਈ ਹੈ। ਜਦੋਂ ਮਨ ਤੰਦਰੁਸਤ ਹੁੰਦਾ ਹੈ, ਤਾਂ ਜੀਵਨ ਦੀਆਂ ਮੁਸ਼ਕਲਾਂ ਵੀ ਕੁਝ ਹੱਦ ਤੱਕ ਆਸਾਨ ਲੱਗਦੀਆਂ ਹਨ। ਪਰ ਜਦੋਂ ਮਨ ਥੱਕ ਜਾਂਦਾ ਹੈ, ਤਾਂ ਛੋਟੀਆਂ-ਛੋਟੀਆਂ ਗੱਲਾਂ ਵੀ ਭਾਰੀ ਲੱਗਣ ਲੱਗ ਪੈਂਦੀਆਂ ਹਨ।

ਅਕਸਰ ਮਾਨਸਿਕ ਸਮੱਸਿਆਵਾਂ ਇੱਕਦਮ ਨਹੀਂ ਆਉਂਦੀਆਂ। ਇਹ ਹੌਲੀ-ਹੌਲੀ ਸਾਡੇ ਜੀਵਨ ਵਿੱਚ ਦਾਖਲ ਹੁੰਦੀਆਂ ਹਨ। ਹੋ ਸਕਦਾ ਹੈ ਕਿ ਕਿਸੇ ਕੰਮ ਵਿੱਚ ਦਿਲ ਨਾ ਲੱਗੇ, ਪਹਿਲਾਂ ਵਾਲੀ ਖੁਸ਼ੀ ਮਹਿਸੂਸ ਨਾ ਹੋਵੇ, ਨੀਂਦ ਘੱਟ ਜਾਂ ਵੱਧ ਆਉਣ ਲੱਗੇ, ਚਿੜਚਿੜਾਪਣ ਵੱਧ ਜਾਵੇ ਜਾਂ ਹਰ ਵੇਲੇ ਚਿੰਤਾ ਬਣੀ ਰਹੇ। ਕਈ ਲੋਕ ਆਪਣੇ ਪਰਿਵਾਰ ਅਤੇ ਦੋਸਤਾਂ ਤੋਂ ਦੂਰ ਹੋਣ ਲੱਗਦੇ ਹਨ। ਕੁਝ ਲੋਕਾਂ ਨੂੰ ਲੱਗਦਾ ਹੈ ਕਿ ਉਹਨਾਂ ਵਿੱਚ ਪਹਿਲਾਂ ਵਰਗੀ ਤਾਕਤ ਜਾਂ ਉਮੀਦ ਨਹੀਂ ਰਹੀ।

ਜੀਵਨ ਵਿੱਚ ਤਣਾਅ ਆਉਣਾ ਸੁਭਾਵਿਕ ਗੱਲ ਹੈ। ਪਰ ਜਦੋਂ ਚਿੰਤਾ ਲਗਾਤਾਰ ਰਹਿਣ ਲੱਗੇ ਅਤੇ ਸਾਡੇ ਕੰਮ, ਰਿਸ਼ਤਿਆਂ ਜਾਂ ਰੋਜ਼ਾਨਾ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਲੱਗੇ, ਤਾਂ ਇਹ ਇੱਕ ਸੰਕੇਤ ਹੋ ਸਕਦਾ ਹੈ ਕਿ ਸਾਨੂੰ ਮਦਦ ਦੀ ਲੋੜ ਹੈ। ਇਸੇ ਤਰ੍ਹਾਂ ਉਦਾਸੀ ਵੀ ਮਨੁੱਖੀ ਜੀਵਨ ਦਾ ਹਿੱਸਾ ਹੈ, ਪਰ ਜੇ ਇਹ ਲੰਬੇ ਸਮੇਂ ਤੱਕ ਬਣੀ ਰਹੇ ਅਤੇ ਜੀਵਨ ਦੀ ਰਫ਼ਤਾਰ ਨੂੰ ਰੋਕ ਦੇਵੇ, ਤਾਂ ਇਸਨੂੰ ਅਣਡਿੱਠਾ ਨਹੀਂ ਕਰਨਾ ਚਾਹੀਦਾ।

ਮਨ ਦੀ ਪੀੜਾ ਸਿਰਫ਼ ਮਨ ਤੱਕ ਸੀਮਿਤ ਨਹੀਂ ਰਹਿੰਦੀ। ਇਹ ਸਰੀਰ ਨੂੰ ਵੀ ਪ੍ਰਭਾਵਿਤ ਕਰਦੀ ਹੈ। ਲੰਬੇ ਸਮੇਂ ਦਾ ਤਣਾਅ ਸਿਰਦਰਦ, ਥਕਾਵਟ, ਮਾਸਪੇਸ਼ੀਆਂ ਦੇ ਦਰਦ, ਪਾਚਨ ਸੰਬੰਧੀ ਸਮੱਸਿਆਵਾਂ ਅਤੇ ਕਈ ਹੋਰ ਸਰੀਰਕ ਤਕਲੀਫ਼ਾਂ ਦਾ ਕਾਰਨ ਬਣ ਸਕਦਾ ਹੈ। ਮਨ ਅਤੇ ਸਰੀਰ ਇੱਕ-ਦੂਜੇ ਨਾਲ ਗਹਿਰਾਈ ਨਾਲ ਜੁੜੇ ਹੋਏ ਹਨ।

ਖੁਸ਼ਕਿਸਮਤੀ ਨਾਲ, ਮਦਦ ਮੌਜੂਦ ਹੈ। ਮਦਦ ਮੰਗਣਾ ਕਮਜ਼ੋਰੀ ਨਹੀਂ, ਸਗੋਂ ਹਿੰਮਤ ਦੀ ਨਿਸ਼ਾਨੀ ਹੈ। ਜਿਵੇਂ ਅਸੀਂ ਸਰੀਰਕ ਬਿਮਾਰੀ ਲਈ ਇਲਾਜ ਕਰਵਾਉਂਦੇ ਹਾਂ, ਓਸੇ ਤਰ੍ਹਾਂ ਮਾਨਸਿਕ ਤਕਲੀਫ਼ਾਂ ਲਈ ਵੀ ਮਦਦ ਲੈਣੀ ਚਾਹੀਦੀ ਹੈ। ਜਿੰਨੀ ਜਲਦੀ ਅਸੀਂ ਆਪਣੇ ਮਨ ਦੀਆਂ ਲੋੜਾਂ ਨੂੰ ਸਮਝ ਲੈਂਦੇ ਹਾਂ, ਉਨੀ ਹੀ ਜਲਦੀ ਸੁਧਾਰ ਅਤੇ ਸਿਹਤਯਾਬੀ ਦੀ ਸ਼ੁਰੂਆਤ ਹੋ ਸਕਦੀ ਹੈ।

ਚੰਗੀ ਮਾਨਸਿਕ ਸਿਹਤ ਲਈ ਕੁਝ ਸਧਾਰਨ ਆਦਤਾਂ ਬਹੁਤ ਮਦਦਗਾਰ ਹੋ ਸਕਦੀਆਂ ਹਨ। ਸੰਤੁਲਿਤ ਖੁਰਾਕ, ਨਿਯਮਿਤ ਕਸਰਤ, ਪੂਰੀ ਨੀਂਦ, ਪਰਿਵਾਰ ਅਤੇ ਦੋਸਤਾਂ ਨਾਲ ਜੁੜਾਅ, ਧਿਆਨ ਅਤੇ ਕੁਦਰਤ ਨਾਲ ਸਮਾਂ ਬਿਤਾਉਣਾ ਮਨ ਨੂੰ ਮਜ਼ਬੂਤ ਬਣਾਉਂਦੇ ਹਨ। ਇਹ ਆਦਤਾਂ ਜੀਵਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਸਮਰੱਥਾ ਵਧਾਉਂਦੀਆਂ ਹਨ। ਇਸਦੇ ਨਾਲ ਹੀ, ਜੇ ਮੁਸ਼ਕਲਾਂ ਲਗਾਤਾਰ ਵੱਧ ਰਹੀਆਂ ਹੋਣ, ਤਾਂ ਕਿਸੇ ਮਨੋਵਿਗਿਆਨੀ, ਕੌਂਸਲਰ ਜਾਂ ਡਾਕਟਰ ਨਾਲ ਗੱਲ ਕਰਨਾ ਬਹੁਤ ਲਾਭਦਾਇਕ ਹੋ ਸਕਦਾ ਹੈ। ਕਈ ਵਾਰ ਇੱਕ ਖੁੱਲ੍ਹੀ ਗੱਲਬਾਤ ਹੀ ਉਸ ਰਾਹ ਦੀ ਸ਼ੁਰੂਆਤ ਬਣ ਜਾਂਦੀ ਹੈ ਜੋ ਸਾਨੂੰ ਦੁਬਾਰਾ ਆਪਣੇ ਆਪ ਨਾਲ ਜੋੜ ਦਿੰਦੀ ਹੈ।

ਜੇ ਤੁਹਾਡੇ ਆਲੇ-ਦੁਆਲੇ ਕੋਈ ਵਿਅਕਤੀ ਸੰਘਰਸ਼ ਕਰ ਰਿਹਾ ਹੈ, ਤਾਂ ਉਸਨੂੰ ਨਿਆਂ ਕਰਨ ਦੀ ਬਜਾਏ ਸੁਣੋ। ਕਈ ਵਾਰ ਕਿਸੇ ਦੀ ਗੱਲ ਧਿਆਨ ਨਾਲ ਸੁਣ ਲੈਣਾ ਵੀ ਇੱਕ ਵੱਡੀ ਮਦਦ ਹੁੰਦੀ ਹੈ। ਪਿਆਰ, ਸਮਝ ਅਤੇ ਸਹਿਯੋਗ ਅਕਸਰ ਉਹ ਦਵਾਈ ਬਣ ਜਾਂਦੇ ਹਨ ਜੋ ਕਿਸੇ ਟੁੱਟੇ ਹੋਏ ਮਨ ਨੂੰ ਫਿਰ ਤੋਂ ਜੋੜ ਸਕਦੇ ਹਨ।

ਅੰਤ ਵਿੱਚ, ਮਾਨਸਿਕ ਸਿਹਤ ਦਾ ਮਤਲਬ ਸਿਰਫ਼ ਮੁਸ਼ਕਲਾਂ ਤੋਂ ਬਚਣਾ ਨਹੀਂ, ਸਗੋਂ ਇੱਕ ਅਰਥਪੂਰਨ, ਸੰਤੁਲਿਤ ਅਤੇ ਖੁਸ਼ਹਾਲ ਜੀਵਨ ਜੀਣਾ ਹੈ। ਜਦੋਂ ਅਸੀਂ ਆਪਣੇ ਮਨ ਦੀ ਆਵਾਜ਼ ਸੁਣਦੇ ਹਾਂ, ਆਪਣੇ ਦੁੱਖ ਨੂੰ ਸਵੀਕਾਰਦੇ ਹਾਂ ਅਤੇ ਲੋੜ ਪੈਣ 'ਤੇ ਮਦਦ ਮੰਗਦੇ ਹਾਂ, ਤਦੋਂ ਹੀ ਅਸਲ ਇਲਾਜ ਦੀ ਸ਼ੁਰੂਆਤ ਹੁੰਦੀ ਹੈ।

ਯਾਦ ਰੱਖੋ, ਸਿਹਤਯਾਬੀ ਦਾ ਹਰ ਸਫ਼ਰ ਇੱਕ ਛੋਟੇ ਜਿਹੇ ਕਦਮ ਨਾਲ ਸ਼ੁਰੂ ਹੁੰਦਾ ਹੈ।
ਅਤੇ ਉਹ ਪਹਿਲਾ ਕਦਮ ਚੁੱਕਣਾ ਹੀ ਸਭ ਤੋਂ ਵੱਡੀ ਬਹਾਦਰੀ ਹੈ।





ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਅਦਬੀ ਵਿਰਾਸਤ
ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ
ਹਫ਼ਤਾਵਰੀ ਆਨਲਾਈਨ ਮੈਗਜ਼ੀਨ
# ਅਦਬੀ ਵਿਰਾਸਤ
ਅੰਕ 07 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)
ਲੜੀ ਨੰਬਰ 417 , ਸਥਾਪਨਾ . ਦਸੂਹਾ , 08/07/2026 ਦਿਨ ਬੁੱਧਵਾਰ ( ਨਾਨਕਸ਼ਾਹੀ ਸੰਮਤ 24 ਹਾੜ 558) adbivirsat@gmail.com

# ਜਾਗਦੇ ਅਤੇ ਜਗਾਉਂਦੇ ਪਾਤਰਾਂ ਦਾ ਕਥਾ ਬਿਰਤਾਂਤ ਹੈ ਲਾਲ ਸਿੰਘ ਦਸੂਹਾ ਰਚਿਤ ਕਹਾਣੀ ਸੰਗ੍ਰਹਿ ' ਯੁੱਧਵੀਰ '

ਰੀਵਿਊ ਕਰਤਾ
ਪ੍ਰੋ. ਮਲਕੀਤ ਜੌੜਾ




ਗਿਆਨ, ਵਿਗਿਆਨ, ਮਨੋਵਿਗਿਆਨ, ਸਮਾਜ ਸ਼ਾਸਤਰ, ਧਰਮ, ਰਾਜਨੀਤੀ, ਇਤਿਹਾਸ, ਮਿਥਿਹਾਸ, ਸੱਭਿਆਚਾਰ ਅਤੇ ਸਾਹਿਤ ਮਨੁੱਖ ਦੀ ਚੇਤਨਾ ਦਾ ਆਧਾਰ ਹਨ। ਇਹਨਾਂ ਨਾਲ ਨੇੜੇ ਤੋਂ ਜੁੜਿਆ ਮਨੁੱਖ ਦੂਸਰੇ ਆਮ ਮਨੁੱਖਾਂ ਨਾਲੋਂ ਵਧੇਰੇ ਚੇਤੰਨ ਹੁੰਦਾ ਹੈ। ਚੇਤਨਾ ਦਾ ਸਬੰਧ ਮਨੁੱਖ ਦੇ ਜਿਹਨ ਦੇ ਚੁਸਤ ਅਤੇ ਤੰਦਰੁਸਤ ਹੋਣ ਨਾਲ ਵੀ ਜੁੜਿਆ ਹੋਇਆ ਹੈ। ਚੇਤੰਨ ਮਨੁੱਖ ਦੀ ਚੇਤਨਾ ਹੀ ਗੰਭੀਰ ਹੋ ਸਕਦੀ ਹੈ। ਇਸ ਦੇ ਆਧਾਰ ਉੱਤੇ ਹੀ ਮਨੁੱਖ ਦਾ ਸਮਾਜ ਵਿੱਚ ਰੁਤਬਾ ਨਿਰਧਾਰਤ ਹੁੰਦਾ ਹੈ। ਚਿੰਤਨ ਸਵੈ- ਮੰਥਨ ਅਤੇ ਸਮੂਹ ਸੰਵਾਦ ਰਾਹੀਂ ਹੋਂਦ ਵਿੱਚ ਆਉਂਦਾ ਹੈ। ਮਨੁੱਖ ਅਤੇ ਸਮੂਹ ਦਾ ਰੁਤਬਾ ਚੇਤਨਾ ਨਾਲ ਹੀ ਬਣਦਾ ਹੈ। ਚੇਤਨਾ ਤੋਂ ਬਿਨਾਂ ਚਿੰਤਨ ਨਹੀਂ। ਚੇਤਨਾ ਹੀ ਚਿੰਤਨ ਦਾ ਦਰਜਾ ਮੁਕੱਰਰ ਕਰਦੀ ਹੈ।

ਯੁੱਧਵੀਰ' ਕਹਾਣੀ ਸੰਗ੍ਰਹਿ ਦਾ ਸਿਰਜਕ ਲਾਲ ਸਿੰਘ ਦਸੂਹਾ ਹੈ। ਲਾਲ ਸਿੰਘ ਦਾ ਕਹਾਣੀ ਦੇ ਖੇਤਰ ਵਿੱਚ ਆਪਣਾ ਵਿਲੱਖਣ ਮੁਕਾਮ ਮੌਲਿਕ ਵਿਚਾਰ ਸਿਰਜਣਾ ਕਰਕੇ ਹੈ। ਜਦੋਂ ਅਸੀਂ ਯੁੱਧਵੀਰ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਨਾਲ ਪਹਿਲੀ ਪੜਤ ਦੀ ਸਾਂਝ ਬਣਾਉਂਦੇ ਹਾਂ ਤਾਂ ਮਨ ਮਸਤਕ ਵਿੱਚ ਜੋ ਵਿਚਾਰ ਦਸਤਕ ਦਿੰਦਾ ਹੈ ਉਹ ਇਹ ਹੈ ਕਿ ਕਹਾਣੀਆਂ ਜਾਗਦੇ ਅਤੇ ਜਗਾਉਂਦੇ ਪਾਤਰਾਂ ਦਾ ਕਥਾ ਬਿਰਤਾਂਤ ਹੈ। ਭਾਵ ਚੇਤਨਾ ਤੇ ਚਿੰਤਨ ਦਾ ਪਸਾਰ ਹਨ। ਹਰ ਕਹਾਣੀ ਵਿੱਚ ਘਟਨਾ ਦੇ ਵਾਪਰਨ ਨਾਲ ਕਹਾਣੀ ਅੱਗੇ ਤੁਰਦੀ ਹੈ। ਜਿਸ ਦਾ ਮੁੱਖ ਮਾਧਿਅਮ ਪਾਤਰ ਹੀ ਬਣਦੇ ਹਨ। ਪਾਤਰਾਂ ਰਾਹੀਂ ਪ੍ਰਗਟਾਏ ਵਿਚਾਰ ਮਨੁੱਖ ਦੀ ਚੇਤਨਾ ਦਾ ਪ੍ਰਗਟਾਵਾ ਕਰਦੇ ਹਨ। ਕਥਾਵਾਂ ਵਿਚਲੇ ਸੰਵਾਦ ਰਾਹੀਂ ਚਿੰਤਨ ਦਾ ਜਨਮ ਹੁੰਦਾ ਹੈ। ਜੀਵਨ ਦੇ ਵਿਭਿੰਨ ਪਹਿਲੂਆਂ/ਪੱਖਾ ਉੱਤੇ ਵਿਚਾਰ ਚਰਚਾ ਜਿੱਥੇ ਪਾਤਰਾਂ ਦੇ ਆਮ ਸਮਝ ਅਤੇ ਉਹਨਾਂ ਪਹਿਲੂਆਂ ਬਾਰੇ ਜਾਣਕਾਰੀ ਦਾ ਉਭਾਰ ਹੁੰਦਾ ਹੈ। ਲਾਲ ਸਿੰਘ ਦੀ ਕਹਾਣੀ ਰਚਨਾ ਵਿੱਚ ਮੂਲ ਮਨੋਰਥ ਪਾਠਕ /ਮਨੁੱਖ ਅੰਦਰ ਚੇਤਨਾ ਪੈਦਾ ਕਰਨਾ ਹੈ। ਪੈਦਾ ਹੋ ਰਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਅਜੋਕੇ ਮਨੁੱਖ ਦਾ ਸੂਝਵਾਨ ਅਤੇ ਚੇਤੰਨ ਹੋਣਾ ਹੋਰ ਵੀ ਅਹਿਮ ਹੋ ਜਾਂਦਾ ਹੈ। ਅਜਿਹੀ ਜੀਵਨ ਸ਼ੈਲੀ ਨੂੰ ਆਪਣਾ ਬਣਾ ਕੇ ਜੀਵਨ ਨੂੰ ਸੁਖਾਵਾਂ ਅਤੇ ਅਗਾਂਹਵਧੂ ਬਣਾਉਣਾ ਯੁੱਧਵੀਰ ਵਿਚਲੀਆਂ ਕਹਾਣੀਆਂ ਦਾ ਮੁੱਖ ਉਦੇਸ਼ ਆਖਿਆ ਜਾ ਸਕਦਾ ਹੈ।

ਸਿਰਜਿਆ ਤੇ ਮਾਣਿਆ ਜਾ ਰਿਹਾ ਸਮੁੱਚਾ ਪ੍ਰਬੰਧ ਚੇਤਨਾ ਤੇ ਚਿੰਤਨ 'ਤੇ ਹੀ ਖੜਾ ਹੈ। ਇਹਨਾਂ ਦੇ ਬਿਨ ਮਨੁੱਖੀ ਜੀਵਨ ਦੀ ਜੀਵੰਤਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। 'ਮਹਾਂਮਾਰੀ' ਕਹਾਣੀ ਵਿੱਚ ਪਿੰਡ ਦੇ ਮੰਦਰ ਦੇ ਪਾਂਧੇ ਦੀ ਮੌਤ ਹੋਣ ਤੋਂ ਬਾਅਦ ਹੁਕਮ ਚੰਦ ਵੱਲੋਂ ਮੰਦਰ ਵਿੱਚ ਪਾਂਧੇ ਦੀ ਥਾਂ ਪੁਜਾਰੀ ਰੱਖਣ ਦੇ ਮਸਲੇ ਰਾਹੀਂ ਪਿੰਡ ਦੇ ਲੋਕਾਂ ਦੀ ਆਪਸੀ ਸਾਂਝ ਅਤੇ ਵੱਖਰੇਵੇਂ ਨੂੰ ਪੇਸ਼ ਕੀਤਾ ਹੈ। ਪਾਂਧੇ ਦੀ ਜਗ੍ਹਾ ਪੁਜਾਰੀ ਰੱਖਣ ਕਾਰਨ ਪਿੰਡ ਦੇ ਮਾਹੌਲ ਵਿੱਚ ਪੈਦਾ ਹੋਈ ਹਲਚਲ ਕਿੰਨਾ ਸਮਾਂ ਪਿੰਡ ਦੀ ਭਾਈਚਾਰਕ ਸਾਂਝ ਉੱਤੇ ਖ਼ਤਰਾ ਬਣ ਕੇ ਮੰਡਰਾਉਂਦੀ ਰਹਿੰਦੀ ਹੈ। ਆਖਰ ਕਰਮਵੀਰ ਸਿੰਘ ਜਿਸ ਉੱਤੇ ਪੁਰਖਿਆਂ ਦੀ ਜੀਵਨ ਸ਼ੈਲੀ ਦਾ ਪ੍ਰਭਾਵ ਹੈ ਦੀ ਸਿਆਣਪ ਨਾਲ ਪਿੰਡ ਦਾ ਸਰਪੰਚ ਜਗੀਰ ਸਿੰਘ ਅੰਤਿਮ ਤੇ ਸਹੀ ਫੈਸਲਾ ਲੈਣ ਦਾ ਹੌਸਲਾ ਕਰਦਾ ਹੈ। ਪਿੰਡ ਵੱਖ-ਵੱਖ ਵਿਚਾਰਾਂ, ਆਦਤਾਂ ਵਾਲੇ ਮਨੁੱਖਾਂ ਦਾ ਸਮੂਹ ਹੋਣ ਕਰਕੇ ਅਜਿਹੇ ਹਾਲਾਤ ਪੈਦਾ ਹੋਣੇ ਆਮ ਜਿਹਾ ਵਰਤਾਰਾ ਹੈ। ਹੁਕਮ ਚੰਦ ਦੀ ਫਿਰਕਾਪ੍ਰਸਤ ਸੋਚ ਨੂੰ ਲੈ ਕੇ ਭਵਿੱਖ ਵਿੱਚ ਪੈਦਾ ਹੋਣ ਵਾਲੇ ਹਾਲਾਤਾਂ ਦੀ ਫਿਕਰਮੰਦੀ ਵਿੱਚ ਬਿਨਾਂ ਕਿਸੇ ਲੜਾਈ-ਝਗੜੇ ਪਿੰਡ ਦੇ ਪੜ੍ਹੇ-ਲਿਖੇ ਚੇਤੰਨ ਨੌਜਵਾਨ ਕਰਮਜੀਤ ਸਿੰਘ ਦੀ ਦੂਰਅੰਦੇਸ਼ੀ ਕਾਰਨ ਹੁਕਮ ਚੰਦ ਦੇ ਇਸ ਸੁਝਾਅ ਅਤੇ ਅੜੀ ਨੂੰ ਨਕਾਰਦੇ ਹੋਏ ਇਕ ਤਰਾਂ ਦੇਸ਼ ਭਗਤ ਯੋਧਿਆ ਦੀ ਸੋਚ ਦੀਆਂ ਨੀਹਾਂ ਨੂੰ ਪੱਕਿਆ ਕੀਤਾ ਹੈ।'ਕਾਲੀ ਕਿਤਾਬ' ਕਹਾਣੀ ਵਿੱਚ ਲਾਲ ਸਿੰਘ ਸਮੇਂ ਨਾਲ ਹੋਈ ਮਨੁੱਖ ਦੀ ਕਿਰਦਾਰਕੁਸ਼ੀ ਨੂੰ ਵਿਸ਼ਾ ਬਣਾਉਂਦੇ ਹੋਏ ਭੋਲੇ-ਭਾਲੇ ਤੇ ਸੱਚੇ-ਸੁੱਚੇ ਲੋਕਾਂ ਤੇ ਹੁੰਦੇ ਅਣਮਨੁੱਖੀ ਅਤਿਆਚਾਰ, ਮਾਨਸਿਕ ਤਸ਼ੱਦਦ ਦਾ ਸ਼ਿਕਾਰ, ਨੈਤਿਕ ਕਦਰਾਂ ਕੀਮਤਾਂ ਦੇ ਮੁਜੱਸਮੇ ਲੋਕਾਂ ਦੇ ਨਾਲ ਵਧੀਕੀਆਂ ਅਤੇ ਵਾਪਰਦੇ ਦੁਖਾਂਤ ਨੂੰ ਕਥਾ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਦਫਤਰੀ ਕੰਮ ਕਾਰ ਵਿੱਚ ਦਿਨੋਂ-ਦਿਨ ਵਧਦੀ ਅਨੁਸ਼ਾਸਨਹੀਨਤਾ, ਭ੍ਰਿਸ਼ਟਾਚਾਰ ਅਤੇ ਮਨਮਾਨੀਆਂ ਕਾਰਨ ਇਮਾਨਦਾਰ ਮੁਲਾਜ਼ਮਾਂ ਦੇ ਸਨਮਾਨ ਨੂੰ ਵੱਜਦੀ ਸੱਟ ਕਿਵੇਂ ਉਹਨਾਂ ਨੂੰ ਪਾਗਲਪਨ ਦਾ ਸ਼ਿਕਾਰ ਬਣਾਉਂਦੀ ਹੈ। ਉਸ ਦੀ ਹੱਸਦੀ-ਵੱਸਦੀ ਜ਼ਿੰਦਗੀ ਲਈ ਕਿਵੇਂ ਸ਼ਰਾਪ ਬਣ ਜਾਂਦੀ ਹੈ, ਨੂਰੀ ਆਪਣੇ ਇਮਾਨਦਾਰ ਪਤੀ ਵਲੋਂ ਦਫਤਰੀ ਅਫਸਰਾਂ ਵੱਲੋਂ ਜ਼ਲੀਲ ਕਰਨ ਤੇ ਆਤਮ ਹੱਤਿਆ ਕਰ ਲੈਣ ਕਾਰਨ ਆਪਣਾ ਮਾਨਸਿਕ ਸੰਤੁਲਨ ਖੋਹ ਬੈਠਦੀ ਹੈ ਜਿਸ ਦੇ ਠੀਕ ਹੋਣ ਦੀ ਉਮੀਦ ਵੀ ਮੁੱਕ ਜਾਂਦੀ ਹੈ। ਕਹਾਣੀਕਾਰ ਨੂੰ ਪੰਜਾਬ ਅੰਦਰ ਅਜਿਹੇ ਰੁਝਾਨ ਦੇਖ ਕੇ ਲੱਗਦਾ ਹੈ ਕਿ ਆਤਮ ਹੱਤਿਆ ਇਥੋਂ ਦੀ ਕਿਸੇ ਫਸਲ ਬੂਟੀ ਦਾ ਨਾਂ ਹੋਵੇ ਕਿਉਂਕਿ ਇਹ ਹੁਣ ਖੇਤਾਂ ਵਿੱਚ ਹੀ ਨਹੀਂ ਉੱਗਦੀ ਘਰਾਂ, ਹਵੇਲੀਆਂ ਵਿੱਚ ਵੀ ਉੱਗਦੀ ਹੈ। ਕਹਾਣੀਕਾਰ ਦਾ ਵਿਚਾਰ ਹੈ ਕਿ ਪੰਜਾਬ ਦੀ ਮਿੱਟੀ ਵਿਚਲੀਂ ਅਣਖ ਦੀ ਥਾਂ ਆਤਮ ਹੱਤਿਆ ਨੇ ਲੈ ਲਈ ਹੈ।
'

ਜਾਰੀ ਹੈ.......



ਪ੍ਰੋ. ਮਲਕੀਤ ਜੌੜਾ
ਸਰਕਾਰੀ ਕਾਲਜ ਟਾਂਡਾ
ਜ਼ਿਲ੍ਹਾ ਹੁਸ਼ਿਆਰਪੁਰ





ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਅੰਕ 07 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

ਲੜੀ ਨੰਬਰ 417 , ਸਥਾਪਨਾ . ਦਸੂਹਾ , 08/07/2026 ਦਿਨ ਬੁੱਧਵਾਰ ( ਨਾਨਕਸ਼ਾਹੀ ਸੰਮਤ 24 ਹਾੜ 558) adbivirsat@gmail.com

## ਜਾਗਦੇ ਅਤੇ ਜਗਾਉਂਦੇ ਪਾਤਰਾਂ ਦਾ ਕਥਾ ਬਿਰਤਾਂਤ ਹੈ ਲਾਲ ਸਿੰਘ ਦਸੂਹਾ ਰਚਿਤ ਕਹਾਣੀ ਸੰਗ੍ਰਹਿ ' ਯੁੱਧਵੀਰ '

ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ-1' ਕਹਾਣੀ ਵਿੱਚ ਕਹਾਣੀਕਾਰ ਨੇ ਸੰਵਾਦ ਦੀ ਜੁਗਤ ਰਾਹੀਂ ਮੈਂ ਅਤੇ ਅਰਜਨ ਪਾਤਰਾਂ ਨੂੰ ਚੇਤੰਨ ਮਨੁੱਖਾਂ ਦੇ ਰੂਪ ਵਿੱਚ ਚਿਤਰਿਆ ਹੈ। ਜਦੋਂ ਮੈਂ ਪਾਤਰ ਅਰਜਨ ਨੂੰ ਨਸੀਬ ਗੱਡੇ ਵਾਲੇ ਦਾ ਥੋਹ ਪਤਾ ਦੱਸਣ ਲਈ ਪੁੱਛਦਾ ਹੈ ਕਿ ਉਹ ਤੇਰਾ ਜੋਟੀਦਾਰ ਸੀ ਇਕੱਠੇ ਰੇਤ ਮਿੱਟੀ ਦੀਆਂ ਫੇਰੀਆਂ ਲਾਉਂਦੇ ਰਹੇ ਸੀ ਤਾਂ ਅਰਜਨ ਦੀ ਜੀਵਨ ਪ੍ਰਤੀ ਸੋਚ ਅਤੇ ਚੇਤੰਨਤਾ ਦਾ ਪਤਾ ਉਸ ਦੇ ਇਹਨਾਂ ਸ਼ਬਦਾਂ ਤੋਂ ਲੱਗਦਾ ਹੈ "ਫੇਰੀਆਂ ਕਿਹੜਾ ਸੁੱਖ ਨੂੰ ਲੱਗਦੀਆਂ ਸੀ ਨਾ ਲੁਆਉਂਦਾ ਤਾਂ ਸਕੂਲ ਕਿੱਦਾਂ ਜਾਂਦਾ, ਕਾਪੀਆਂ ਕਿਤਾਬਾਂ ਕਿੱਥੋਂ ਆਉਂਦੀਆਂ, ਰੁਲਦਾ ਰਹਿੰਦਾ ਵਿਹੜੇ ਵਾਲੇ ਹੋਰਨਾਂ ਵਾਂਗ।" ਅਰਜਨ ਦੇ ਪੜ ਲਿਖ ਕੇ ਸਕੂਲ ਮਾਸਟਰ ਬਣ ਜਾਣ ਪਿੱਛੇ ਦੀ ਕਹਾਣੀ ਸਿਰੜ, ਮਿਹਨਤ ਤੇ ਜੀਵਨ ਪ੍ਰਤੀ ਚੇਤਨਤਾ ਦਾ ਸਬੂਤ ਹੈ। ਅਰਜਨ ਜਿਹੇ ਚੇਤਨ ਮਨੁੱਖ ਦੀ ਜਦੋਂ ਦੂਸਰਿਆਂ ਨਾਲ ਵੱਖ-ਵੱਖ ਮਸਲਿਆਂ ਉੱਤੇ ਚਰਚਾ ਹੁੰਦੀ ਹੈ ਤਾਂ ਚਿੰਤਨ ਲਈ ਥਾਂ ਬਣ ਜਾਂਦੀ ਹੈ। ਜਿੱਥੇ ਚੇਤਨਾ ਹੈ ਉਥੇ ਹੀ ਚਿੰਤਨ ਹੈ। ਉਹ ਚਿੰਤਨ ਸਾਡੇ ਅੰਦਰ ਚਲਦਾ ਤੁਹਾਡੇ ਰਾਹੀਂ ਵਿਚਾਰਧਾਰਕ ਦਿਸ਼ਾ ਨਿਰਧਾਰਿਤ ਕਰਦਾ ਹੈ। ਚੇਤਨਾ ਮਨੁੱਖ ਦਾ ਸਮਾਜ ਵਿੱਚ ਰੁਤਬਾ ਸਤਿਕਾਰ ਨਿਸ਼ਚਿਤ ਕਰਦੀ ਹੈ। ਸਾਰੀ ਕਹਾਣੀ ਅਰਜਨ ਦੀ ਸਮਾਜਿਕ ਚੇਤਨਾ ਤੇ ਚਿੰਤਨ ਦੇ ਕਥਾ ਬਿਰਤਾਂਤ ਦੁਆਲੇ ਬੁਣੀ ਹੋਈ ਹੈ।

ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ-2 (ਤਾਰੀ) ਕਹਾਣੀ ਵਿੱਚ ਲੋਕਾਂ ਦੇ ਰਹਿਣ ਸਹਿਣ ਵਿੱਚ ਆਏ ਬਦਲਾਅ, ਪਿੰਡਾਂ ਤੇ ਸ਼ਹਿਰਾਂ ਦੇ ਫੈਲਾਅ ਤੋਂ ਪੈਦਾ ਹੋਏ ਹਾਲਾਤ ਕਹਾਣੀਕਾਰ ਦੇ ਚਿੰਤਨ ਦਾ ਹਿੱਸਾ ਬਣਦੇ ਹਨ। ਜਿਸ ਦੇ ਤਹਿਤ ਲੋਕਾਂ ਦੀ ਸੋਚ ਸਮਝ ਦੀਆਂ ਤੰਦਾਂ ਦਾ ਬਰੀਕਬੀਨੀ ਨਾਲ ਵਰਣਨ ਹੋਇਆ ਮਿਲਦਾ ਹੈ। ਬਦਲਾਅ ਦੇ ਪਹਿਲੂਆਂ ਵਿੱਚ ਕਹਾਣੀਕਾਰ ਸ਼ਹਿਰੀ ਵਿਕਾਸ ਲਈ ਬਣਾਏ ਜਾ ਰਹੇ ਮਾਰਗਾਂ ਦੀ ਬਲੀ ਚੜਦੇ ਕਰੋੜਾਂ ਰੁਖ ਹਰ ਚੇਤੰਨ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦੇ ਹਨ ਕਿ ਅਜੋਕਾ ਮਨੁੱਖ ਕਿਹੜੇ ਰਾਹ ਪੈ ਤੁਰਿਆ ਹੈ। ਮਨੁੱਖੀ ਜੀਵਨ ਲਈ ਵਰਦਾਨ ਰੁੱਖਾਂ, ਜੰਗਲਾਂ ਨੂੰ ਉਜਾੜ ਕੇ ਆਉਣ ਵਾਲੀ ਜ਼ਿੰਦਗੀ, ਵਾਤਾਵਰਣ, ਪਸ਼ੂਆਂ-ਪੰਛੀਆਂ ਦੀ ਜ਼ਿੰਦਗੀ ਨੂੰ ਖਤਰੇ ਵਿੱਚ ਸੁੱਟ ਰਿਹਾ ਹੈ। ਮੁਲਖ ਵਿੱਚ ਪੁਰਾਤਨ ਸਮੇਂ ਤੋਂ ਆਸ਼ਰਮ, ਵਿਹਾਰਾਂ, ਸੂਫੀ ਖਾਨੇ ਆਦਿ ਥਾਵਾਂ ਬਾਲਾ ਲਈ ਸਿੱਖਿਆ, ਯੁਵਕਾਂ ਲਈ ਯੁੱਧ ਸਿਖਲਾਈ ਅਤੇ ਬਿਰਧ ਉਮਰ ਦੇ ਪੁਰਸ਼ਾਂ ਲਈ ਸੰਨਿਆਸ ਕੇਂਦਰਾਂ ਵਜੋਂ ਕਾਰਜਸ਼ੀਲ ਹੁੰਦੇ ਸਨ। ਅੱਜ ਵਾਂਗ ਡੇਰਿਆਂ ਮਠਾਂ ਨੂੰ ਵਿਹਲੜਾ, ਭੇਖਾਧਾਰੀਆਂ ਦੀਆਂ ਠਹਿਰਗਾਹਾਂ ਪੂੰਜੀਪਤੀਆਂ ਲਈ ਪੂੰਜੀ ਕੇਂਦਰ ਜਾਂ ਪ੍ਰਸ਼ਾਸਨ ਦੇ ਹੱਥ ਠੋਕਿਆ ਵਜੋਂ ਅੰਕਿਤ ਨਹੀਂ ਸੀ ਕੀਤਾ। ਅੱਜ ਸਿੱਖਿਆ ਸੰਸਥਾਵਾਂ ਵਿਦਿਆ ਦਾ ਮੰਦਿਰ, ਸਿਹਤ ਕੇਂਦਰ ਸੇਵਾ ਦੇ ਘਰ ਨਾ ਹੋ ਕੇ ਵੱਡੇ-ਵੱਡੇ ਵਪਾਰ ਦੇ ਕੇਂਦਰ ਬਣ ਜਾਣ ਨਾਲ ਲੁੱਟ-ਖਸੁੱਟ ਦਾ ਸਾਧਨ ਬਣ ਗਏ ਹਨ।

ਕਹਾਣੀਕਾਰ ਦਾ ਵਿਚਾਰ ਹੈ ਕਿ ਸਾਡੇ ਮੁਲਕ ਦੇ ਹਰ ਖੇਤਰ ਵਿੱਚ ਲਗਾਤਾਰ ਪਸਰ ਰਹੇ ਕਾਰਪੋਰੇਟੀ ਪਸਾਰ ਮਾਤਰ ਮੁਨਾਫਾ ਨੀਤੀ ਉੱਤੇ ਟਿਕੇ ਹੋਣ ਕਰਕੇ ਮਾਨਵੀ ਕਦਰਾਂ-ਕੀਮਤਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਇਹ ਮਨੁੱਖ ਨੂੰ ਅਤੇ ਉਸ ਦੇ ਸਰੀਰ ਨੂੰ ਇੱਕ ਵਸਤੂ ਤੋਂ ਵੱਧ ਕੁਝ ਨਹੀਂ ਸਮਝਦੇ। 'ਸੱਥ'ਕਹਾਣੀ ਦਾ ਰਾਜਦੀਪ ਵਖਤ ਅਤੇ ਮਨੁੱਖ ਦੁਆਰਾ ਪੈਦਾ ਕੀਤੇ ਹਾਲਾਤਾਂ ਦਾ ਮਾਰਿਆ ਇਸ ਪ੍ਰਬੰਧ ਦੇ ਤਾਣੇ-ਬਾਣੇ ਦਾ ਸ਼ਿਕਾਰ ਪਰ ਸੁਚੇਤ ਪਾਤਰ ਹੈ। ਉਸਦੇ ਵਲੋਂ ਜਿੰਦਰ ਦੀ ਮੌਤ ਦਾ ਅਫਸੋਸ ਕਰਨ ਲਈ ਘਰ ਆਏ ਸਾਥੀਆਂ ਨਾਲ ਅਤੇ ਸਾਥੀਆਂ ਵੱਲੋਂ ਅਜਿਹੇ ਹਾਲਾਤਾਂ 'ਤੇ ਕੀਤਾ ਸੰਵਾਦ ਵੱਡੇ ਸਵਾਲ ਖੜੇ ਕਰਦਾ ਹੈ। ਬੰਦੇ ਦਾ ਸਾਹਾ ਸਮੇਤ ਘਰ ਮੁੜਨਾ ਜੀਵਨ ਹੈ ਜ਼ਿੰਦਗੀ ਹੈ। ਸਾਹਾਂ ਤੋਂ ਬਿਨਾਂ ਮੁੜਨਾ ਪਲ ਭਰ ਦਾ ਹੀ ਮੁੜਨਾ ਹੁੰਦਾ ਹੈ। 'ਸੱਥ' ਕਹਾਣੀ ਦੀ ਇਕ ਪਾਤਰ ਕਰਤਾਰ ਕੌਰ ਵਿਛੜ ਚੁੱਕੀ ਜਿੰਦਰ ਦੀ ਸ਼ਖਸ਼ੀਅਤ ਨੂੰ ਯਾਦ ਕਰਦਿਆਂ "ਜਿੰਦਰ ਭੈਣ ਜ਼ਿੰਦਗੀ ਪ੍ਰਤੀ ਬਹੁਤ ਚੇਤੰਨ ਇਸਤਰੀ ਸੀ। ਜਿਸ ਅੰਦਰ ਇਹ ਚੇਤਨਾ ਸੀ ਕਿ ਇਹ ਧਰਮ ਨਿਰਦਈ, ਜਾਂਗਲੀ ਮਨੁੱਖਾਂ ਨੂੰ ਦਇਆਵਾਨ, ਅਸੱਭਿਅਕ ਸਮੂਹਾਂ ਨੂੰ ਸੱਭਿਅਕ ਵਿਵਹਾਰ ਦੇ ਲੜ ਲਾਉਣ ਲਈ ਬਣਾਏ ਗਏ ਸਨ। ਹੋਇਆ ਇਸ ਦੇ ਉਲਟ ਮਨੁੱਖੀ ਵਹਿਸ਼ਤ ਹੁਣ ਵੀ ਜ਼ਰਾ ਕੁ ਮੌਕਾ ਮਿਲਣ ਉੱਤੇ ਖੁੱਲ ਕੇ ਖੇਡਣ ਲੱਗੀ ਸਭ ਕੁਝ ਭੁੱਲ-ਭੁਲਾ ਜਾਂਦੀ ਹੈ।(ਪੰਨਾ- 140) ਇਸ ਦੇ ਲਈ 1947 ਦੀ ਵੰਡ ਵੇਲੇ ਧਰਮ ਦੇ ਨਾਂ ਤੇ ਵਾਪਰੇ ਕਹਿਰ ਅਤੇ ਵਹਿਸ਼ੀ ਪੁਣੇ ਨੂੰ ਕਥਾ ਬਿਰਤਾਂਤ ਦਾ ਹਿੱਸਾ ਬਣਾਇਆ ਗਿਆ ਹੈ। ਰਾਜਦੀਪ ਅਤੇ ਅਧਿਆਪਕ ਸਾਥੀ ਸਾਰੇ ਚੇਤੰਨ ਮਨੁੱਖਾਂ/ਪਾਤਰਾਂ ਦੇ ਰੂਪ ਵਿੱਚ ਸਿਰਜੇ ਗਏ ਹਨ । ਅਤੇ ਮੁਲਕ ਦੇ ਵਾਸਤਵਿਕ ਸਮਾਜਿਕ, ਰਾਜਨੀਤਿਕ, ਧਾਰਮਿਕ, ਸਭਿਆਚਾਰਕ ਪ੍ਰਬੰਧ ਉੱਤੇ ਨਿੱਠ ਕੇ ਚਰਚਾ ਕਰਦੇ ਨਵੇਂ ਚਿੰਤਨ ਨੂੰ ਜਨਮ ਦਿੰਦੇ ਹਨ, ਜੋ ਪਾਠਕ ਲਈ ਹਾਲਾਤਾਂ, ਪਿਛੋਕੜ, ਵਰਤਮਾਨ ਤੇ ਭਵਿੱਖ 'ਤੇ ਚਾਨਣੇ ਦਾ ਸਬੱਬ ਬਣਦੇ ਹਨ। ਲਾਲ ਸਿੰਘ ਦਸੂਹਾ ਰਚਿਤ ਕਹਾਣੀ ਸੰਗ੍ਰਹਿ ਯੁੱਧਵੀਰ ਵਿਚਲੀਆਂ ਕਹਾਣੀਆਂ ਜਗਿਆਸੂ ਅਤੇ ਜਗਿਆਸਾ ਪੈਦਾ ਕਰਨ ਦੇ ਉਦੇਸ਼ ਨਾਲ ਹੋਂਦ ਵਿੱਚ ਆਈਆਂ ਹਨ। ਮੇਰੇ ਵਿਚਾਰ ਅਨੁਸਾਰ ਕਹਾਣੀਆ ਦੇ ਪਾਤਰ ਜਾਗਦੇ ਤੇ ਦੂਜਿਆਂ ਨੂੰ ਮੁਲਕ ਦੇ ਸਮੁੱਚੇ ਹਾਲਾਤਾਂ ਬਾਰੇ ਜਗਾਉਣ ਦਾ ਕਾਰਜ ਕਰਦੇ ਹਨ। ਇਥੋਂ ਹੀ ਚੇਤਨਾ ਤੇ ਚਿੰਤਨ ਦਾ ਜਨਮ ਹੁੰਦਾ ਹੈ।



ਪ੍ਰੋ. ਮਲਕੀਤ ਜੌੜਾ
ਸਰਕਾਰੀ ਕਾਲਜ ਟਾਂਡਾ
ਜ਼ਿਲ੍ਹਾ ਹੁਸ਼ਿਆਰਪੁਰ




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਅੰਕ 07 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

ਲੜੀ ਨੰਬਰ 395 , ਸਥਾਪਨਾ . ਦਸੂਹਾ , 06/07/2026 ਦਿਨ ਸੋਮਵਾਰ ( ਨਾਨਕਸ਼ਾਹੀ ਸੰਮਤ 22 ਹਾੜ 558) adbivirsat@gmail.com

# ਮਾਨਵਵਾਦੀ ਵਿਚਾਰਧਾਰਾ ਦਾ ਦਰਿਆ : ਯੁੱਧਵੀਰ

## ਕਹਾਣੀ ਸੰਗ੍ਰਹਿ: "ਯੁੱਧ ਵੀਰ"

## ਕਹਾਣੀਕਾਰ: ਲਾਲ ਸਿੰਘ ਦਸੂਹਾ ਜੀ




ਲਾਲ ਸਿੰਘ ਜੀ ਪੰਜਾਬੀ ਸਾਹਿਤ ਦੇ ਉਨ੍ਹਾਂ ਲੇਖਕਾਂ ਵਿੱਚੋਂ ਹਨ, ਜਿਨ੍ਹਾਂ ਨੇ ਜ਼ਮੀਨ ਨਾਲ ਜੁੜੀਆਂ, ਲੋਕ ਜੀਵਨ ਦੀਆਂ ਕਹਾਣੀਆਂ ਨੂੰ ਬੜੀ ਸਾਦਗੀ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦਾ ਕਹਾਣੀ ਸੰਗ੍ਰਹਿ "ਯੁੱਧ ਵੀਰ" ਵੀ ਮਨੁੱਖੀ ਹੌਂਸਲੇ, ਕੁਰਬਾਨੀ ਅਤੇ ਜੀਵਨ ਦੇ ਸੰਘਰਸ਼ ਨੂੰ ਬਹੁਤ ਨੇੜਿਓਂ ਦੇਖਦਾ ਹੈ।"ਯੁੱਧ ਵੀਰ" ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਕਹਾਣੀ ਸੰਗ੍ਰਹਿ ਜੰਗ, ਬਹਾਦਰੀ ਅਤੇ ਅੰਦਰੂਨੀ ਯੁੱਧਾਂ ਬਾਰੇ ਹੈ। ਪਰ ਇੱਥੇ ਯੁੱਧ ਸਿਰਫ਼ ਸਰਹੱਦ 'ਤੇ ਨਹੀਂ ਲੜਿਆ ਜਾਂਦਾ।

ਅਸਲ ਵਿੱਚ ਇਹ ਯੁੱਧ ਕਹਾਣੀਆਂ ਵਿਚਲੇ ਪਾਤਰਾਂ ਦੇ ਯਥਾਰਥ ਦਾ ਹੈ। ਇਹ ਯੁੱਧ ਹਾਲਾਤਾਂ ਨਾਲ ਲੜਨਾ, ਮਨੁੱਖ ਦਾ ਆਪਣੇ ਡਰ, ਗ਼ਰੀਬੀ, ਸਮਾਜਿਕ ਕੁਰੀਤੀਆਂ ਨਾਲ ਟਕਰਾ ਦਾ ਹੈ।

ਉਨਾਂ ਦੀ ਭਾਸ਼ਾ ਅਤੇ ਸ਼ੈਲੀ ਸਾਦੀ ਅਤੇ ਪ੍ਰਭਾਵਸ਼ਾਲੀ ਹੈ, ਬਿਲਕੁਲ ਪਿੰਡ ਦੀ ਮਿੱਟੀ ਵਾਲੀ ਹੈ। ਕੋਈ ਅਲੰਕਾਰ ਦਾ ਬੋਝ ਨਹੀਂ ਕਹਾਣੀਆਂ ਦੇ ਸੰਵਾਦ ਬਹੁਤ ਕੁਦਰਤੀ ਹਨ। ਪਾਤਰ ਬੋਲਦੇ ਨਹੀਂ, ਜਿਉਂਦੇ ਹਨ।

ਖੇਤ, ਧੂੜ, ਤੱਤੀ ਹਵਾ, ਠੰਢੀ ਰਾਤ - ਹਰ ਚੀਜ਼ ਅੱਖਾਂ ਅੱਗੇ ਆ ਜਾਂਦੀ ਹੈ।

ਲਾਲ ਸਿੰਘ ਜੀ ਦੇ ਪਾਤਰ ਹੀਰੋ ਨਹੀਂ ਹੁੰਦੇ, ਆਮ ਲੋਕ ਹੁੰਦੇ ਹਨ। ਇਕ ਬੁੱਢਾ ਕਿਸਾਨ ਜੋ ਕਰਜ਼ੇ ਦੇ ਬਾਵਜੂਦ ਜ਼ਮੀਨ ਨਹੀਂ ਵੇਚਦਾ ਇਕ ਮਾਂ ਜੋ ਆਪਣੇ ਫੌਜੀ ਬੇਟੇ ਦੀ ਉਡੀਕ ਕਰਦੀ ਕਰਦੀ ਆਪ ਹੀ ਯੁੱਧਵੀਰ ਬਣ ਜਾਂਦੀ ਹੈ।ਇਕ ਨੌਜਵਾਨ ਜੋ ਨਸ਼ੇ ਨਾਲ ਨਹੀਂ, ਸਗੋਂ ਉਮੀਦ ਨਾਲ ਲੜਦਾ ਹੈ। ਇਹ ਸਭ ਪਾਤਰ ਪਾਠਕ ਨੂੰ ਆਪਣੇ ਆਪ ਅਤੇ ਜ਼ਮੀਨ ਨਾਲ ਜੁੜੇ ਹੋਏ ਮਹਿਸੂਸ ਹੁੰਦੇ ਹਨ।

ਉਹਨਾਂ ਦੀਆਂ ਕਹਾਣੀਆਂ ਉਪਦੇਸ਼ਕ ਨਹੀਂ, ਅਨੁਭਵੀ ਹਨ। ਲੇਖਕ ਸਾਨੂੰ ਦੱਸਦਾ ਨਹੀਂ, ਦਿਖਾਉਂਦਾ ਹੈ।ਹਰ ਕਹਾਣੀ ਦੇ ਅੰਤ 'ਤੇ ਇਕ ਸਵਾਲ ਛੱਡ ਜਾਂਦਾ ਹੈ ਜੋ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ।ਲਾਲ ਸਿੰਘ ਜੀ ਦੇ ਪਾਤਰਾਂ ਦੇ ਦੇਸ਼-ਪ੍ਰੇਮ ਤੇ ਮਨੁੱਖਤਾ ਦਾ ਸੰਤੁਲਨ ਬਹੁਤ ਵਧੀਆਂ ਹੈ।

ਕੁੱਲ ਮਿਲਾ ਕੇ"ਯੁੱਧ ਵੀਰ" ਸਿਰਫ਼ ਕਹਾਣੀਆਂ ਦਾ ਸੰਗ੍ਰਹਿ ਨਹੀਂ, ਇਹ ਸਾਡੇ ਸਮੇਂ ਦਾ ਦਸਤਾਵੇਜ਼ ਹੈ। ਲਾਲ ਸਿੰਘ ਜੀ ਨੇ ਸਾਬਤ ਕੀਤਾ ਹੈ ਕਿ ਅਸਲੀ ਬਹਾਦਰੀ ਤਮਗੇ ਲੈਣ ਵਿੱਚ ਨਹੀਂ, ਸਗੋਂ ਰੋਜ਼ਾਨਾ ਜ਼ਿੰਦਗੀ ਦੇ ਛੋਟੇ-ਛੋਟੇ ਯੁੱਧ ਜਿੱਤਣ ਵਿੱਚ ਹੈ। ਜੋ ਲੋਕ ਪੰਜਾਬ ਦੇ ਅਸਲੀ ਰੰਗ, ਮਿੱਟੀ ਦੀ ਖੁਸ਼ਬੂ ਅਤੇ ਮਨੁੱਖ ਦੇ ਅਣਥੱਕੇ ਜਜ਼ਬੇ ਨੂੰ ਮਹਿਸੂਸ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਸੰਗ੍ਰਹਿ ਜ਼ਰੂਰ ਪੜ੍ਹਨਯੋਗ ਹੈ।



ਕੇ ਐਸ ਅਮਰ

ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਾਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਅੰਕ 07 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

ਲੜੀ ਨੰਬਰ 447, ਸਥਾਪਨਾ . ਦਸੂਹਾ , 11/07/2026 ਦਿਨ ਸ਼ਨੀਵਾਰ ( ਨਾਨਕਸ਼ਾਹੀ ਸੰਮਤ 27 ਹਾੜ 558) adbivirsat@gmail.com

## ਵਰਦੀ ਦੇ ਪਿੱਛੇ ਧੜਕਦੀ ਮਾਨਵੀ ਸੰਵੇਦਨਾ ਦਾ ਮਹਾਂ-ਬਿਰਤਾਂਤ "ਵਰਦੀ ਕੇ ਪੀਛੇ ਏਕ ਦਿਲ"

**ਪੁਸਤਕ: ਨਾਵਲ: ਵਰਦੀ ਕੇ ਪੀਛੇ ਏਕ ਦਿਲ**
**ਲੇਖਕ: ਕੰਵਲਜੀਤ ਭੁੱਲਰ**
**ਮੁੱਲ: 400 ਰੁਪਏ, ਕੁੱਲ ਸਫੇ: 190**
**ਪ੍ਰਕਾਸ਼ਕ: ਗ੍ਰੰਥ ਅਕਾਦਮੀ, ਨਵੀ ਦਿੱਲੀ**
**ਸਮੀਖਿਅਕ: ਪ੍ਰੋ. ਪਵਨ ਖਿੱਚੀ, ਮਾਨਸਾ**




ਕੰਵਲਜੀਤ ਭੁੱਲਰ ਦਾ ਨਾਵਲ "ਵਰਦੀ ਕੇ ਪੀਛੇ ਏਕ ਦਿਲ" ਸਾਹਿਤਕ ਜਗਤ ਵਿੱਚ ਇਕ ਅਜਿਹੀ ਦਸਤਾਵੇਜ਼ੀ ਪੇਸ਼ਕਾਰੀ ਹੈ, ਜੋ ਜੰਗ ਦੇ ਰਵਾਇਤੀ ਵਡਿਆਈਕਰਨ ਨੂੰ ਤਿਆਗ ਕੇ ਉਸ ਦੀ ਭਿਆਨਕਤਾ, ਨਿਰਾਰਥਕਤਾ ਅਤੇ ਉਸ ਵਿੱਚ ਫਸੇ ਮਨੁੱਖੀ ਮਨ ਦੇ ਦਵੰਦ ਨੂੰ ਉਜਾਗਰ ਕਰਦੀ ਹੈ। ਇਕ ਉੱਚ-ਕੋਟੀ ਦੇ ਸਾਹਿਤਕ ਆਲੋਚਕ ਦੇ ਨਜ਼ਰੀਏ ਤੋਂ, ਇਹ ਨਾਵਲ ਮਹਿਜ਼ ਇਕ ਫੌਜੀ ਦੀਆਂ ਯਾਦਾਂ ਨਹੀਂ, ਸਗੋਂ ਇਕ 'ਸੈਨਿਕ-ਦਾਰਸ਼ਨਿਕ' ਵੱਲੋਂ ਮਨੁੱਖੀ ਹੋਂਦ ਦੀ ਤਲਾਸ਼ ਹੈ। ਇਸ ਰਚਨਾ ਵਿੱਚ "ਵਰਦੀ" ਰਾਜ-ਸੱਤਾ, ਅਨੁਸ਼ਾਸਨ ਅਤੇ ਕਠੋਰਤਾ ਦਾ ਪ੍ਰਤੀਕ ਹੈ, ਜਦਕਿ "ਦਿਲ" ਮਾਸੂਮੀਅਤ, ਪਿਆਰ ਅਤੇ ਨੈਤਿਕ ਦੋਚਿੱਤੀ ਦਾ।

ਯਾਦਾਂ ਦਾ ਕਾਵਿਕ ਸੁਮੇਲ: ਇਸ ਨਾਵਲ ਦੀ ਬਣਤਰ ਸਿੱਧੀ ਜਾਂ ਰੇਖਿਕ ਨਹੀਂ ਹੈ, ਇਹ ਯਾਦਾਂ ਦੇ ਅਜਿਹੇ ਟੁਕੜਿਆਂ ਨਾਲ ਬਣੀ ਹੈ ਜੋ ਇਕ ਦੂਜੇ ਵਿੱਚ ਪਰੋਏ ਹੋਏ ਹਨ। ਭੁੱਲਰ ਨੇ ਆਪਣੀ ਬਿਰਤਾਂਤਕ ਜੁਗਤ ਰਾਹੀਂ ਪਾਠਕ ਨੂੰ ਇਕ ਅਜਿਹੀ ਯਾਤਰਾ 'ਤੇ ਲਿਆ ਹੈ ਜਿੱਥੇ ਸਮਾਂ ਅਤੇ ਸਥਾਨ ਲਗਾਤਾਰ ਬਦਲਦੇ ਹਨ ਕਦੇ ਕਸ਼ਮੀਰ ਦੀਆਂ ਬਰਫੀਲੀਆਂ ਵਾਦੀਆਂ, ਕਦੇ ਰਾਜਸਥਾਨ ਦੇ ਤਪਦੇ ਰੇਗਿਸਤਾਨ ਅਤੇ ਕਦੇ ਅਨੁਸ਼ਾਸਨ ਦੀ ਭੱਠੀ ਵਿੱਚ ਤਪਦੇ ਸਿਖਲਾਈ ਕੇਂਦਰ।

ਨਾਵਲ ਦੀ ਪ੍ਰਸਤਾਵਨਾ ਵਿੱਚ ਹੀ ਇਕ ਮਹਾਨ ਦਾਰਸ਼ਨਿਕ ਸੁਰ ਮਿਲਦੀ ਹੈ: "ਕੁਝ ਯੁੱਧ ਰਾਈਫਲਾਂ ਨਾਲ ਲੜੇ ਜਾਂਦੇ ਹਨ, ਕੁਝ ਯਾਦਾਂ ਨਾਲ।" ਇਹ ਵਾਕ ਪੂਰੇ ਨਾਵਲ ਦੀ ਕੇਂਦਰੀ ਧੁਰੀ ਹੈ। ਇਹ ਸੰਰਚਨਾ ਪਾਠਕ ਨੂੰ ਸਿਰਫ਼ ਘਟਨਾਵਾਂ ਨਹੀਂ ਸੁਣਾਉਂਦੀ, ਸਗੋਂ ਉਨ੍ਹਾਂ ਘਟਨਾਵਾਂ ਦੇ ਪਿੱਛੇ ਛੁਪੇ 'ਕਿਉਂ' ਅਤੇ 'ਕਿਵੇਂ' ਦੇ ਸਵਾਲਾਂ ਨਾਲ ਜੋੜਦੀ ਹੈ।

ਮਨੋਵਿਗਿਆਨਕ ਪੱਖ ਅਤੇ ਪਾਤਰਾਂ ਦੀ ਅੰਦਰੂਨੀ ਮਨੋਵਿਰਤੀ: ਭੁੱਲਰ ਨੇ ਸਿਪਾਹੀ ਦੇ ਪਾਤਰ ਨੂੰ ਇਕ 'ਮਸ਼ੀਨ' ਵਜੋਂ ਪੇਸ਼ ਕਰਨ ਦੀ ਬਜਾਏ ਇਕ ਅਜਿਹੇ ਮਨੁੱਖ ਵਜੋਂ ਚਿਤਰਿਆ ਹੈ ਜੋ ਹਰ ਪਲ ਮੌਤ ਦੇ ਸਾਏ ਹੇਠ ਜਿਉਂਦਿਆਂ ਆਪਣੀ ਮਨੁੱਖਤਾ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੈ।

ਡਰ ਅਤੇ ਹੌਂਸਲੇ ਦਾ ਦਵੰਦ: 'ਨਿਸ਼ਾਨੇਬਾਜ਼, ਬਰਫਬਾਰੀ ਅਤੇ ਦੂਸਰਾ ਮੌਕਾ' ਅਧਿਆਏ ਵਿੱਚ ਲੇਖਕ ਆਪਣੀ ਮਨੋਦਸ਼ਾ ਦਾ ਬਹੁਤ ਬਾਰੀਕੀ ਨਾਲ ਵਿਸ਼ਲੇਸ਼ਣ ਕਰਦਾ ਹੈ। ਜਦੋਂ ਖਿੜਕੀ ਦਾ ਕੱਚ ਟੁੱਟਦਾ ਹੈ ਅਤੇ ਗੋਲੀ ਉਸਦੇ ਬਿਲਕੁਲ ਕੋਲੋਂ ਲੰਘਦੀ ਹੈ, ਤਾਂ ਉਹ ਸਿਰਫ਼ ਆਪਣੀ ਜਾਨ ਬਚਾਉਣ ਦੀ ਗੱਲ ਨਹੀਂ ਕਰਦਾ, ਸਗੋਂ ਉਸ 'ਸਨਾਟੇ' ਦੀ ਗੱਲ ਕਰਦਾ ਹੈ ਜੋ ਗੋਲੀ ਚੱਲਣ ਤੋਂ ਪਹਿਲਾਂ ਵਾਪਰਦਾ ਹੈ। ਇਹ ਮਨੋਵਿਗਿਆਨਕ ਅੰਤਰ-ਦ੍ਰਿਸ਼ਟੀ ਇਕ ਮਹਾਨ ਸਾਹਿਤਕਾਰ ਦੀ ਪਛਾਣ ਹੈ।

ਵਿਰੋਧੀ ਦੇ ਅੰਦਰ ਮਨੁੱਖ ਦੀ ਤਲਾਸ਼: 'ਪੱਥਰ ਦੀ ਦਰਾਰ ਚ ਬੋਲਦਾ ਹੋਇਆ ਸਨਾਟਾ' ਵਿੱਚ ਜਦੋਂ ਲੇਖਕ ਇਕ ਫੜੇ ਗਏ ਵਿਅਕਤੀ ਨਾਲ ਗੱਲ ਕਰਦਾ ਹੈ, ਤਾਂ ਉੱਥੇ ਕੋਈ ਨਫ਼ਰਤ ਨਹੀਂ, ਸਗੋਂ ਇਕ ਡੂੰਘੀ ਉਦਾਸੀ ਅਤੇ ਜਿਗਿਆਸਾ ਹੈ। ਉਹ ਉਸ ਕੱਟੜਪੰਥ ਦੀ ਧੁੰਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਜਿਸ ਨੇ ਇਕ ਨੌਜਵਾਨ ਨੂੰ ਮੌਤ ਦਾ ਵਪਾਰੀ ਬਣਾ ਦਿੱਤਾ। ਇਹ ਮਨੁੱਖੀ ਬਰਾਬਰੀ ਦੀ ਸੋਚ ਵਾਲੀ ਪਹੁੰਚ ਹੈ ਜਿੱਥੇ ਲੇਖਕ ਦੁਸ਼ਮਣ ਨੂੰ ਵੀ ਇਕ ਵਿਗੜੀ ਹੋਈ ਸਮਾਜਿਕ ਵਿਵਸਥਾ ਦਾ ਸ਼ਿਕਾਰ ਮੰਨਦਾ ਹੈ।

ਪ੍ਰਤੀਕਾਂ ਦੀ ਦਾਰਸ਼ਨਿਕ ਵਿਆਖਿਆ: ਨਾਵਲ ਵਿੱਚ ਪ੍ਰਤੀਕਾਂ ਦੀ ਵਰਤੋਂ ਬਹੁਤ ਹੀ ਕਲਾਤਮਕ ਢੰਗ ਨਾਲ ਕੀਤੀ ਗਈ ਹੈ:

ਧੁੰਦ (ਕੋਹਰਾ): ਇਹ ਨਾਵਲ ਦਾ ਸਭ ਤੋਂ ਮਹੱਤਵਪੂਰਨ ਪ੍ਰਤੀਕ ਹੈ। ਇਹ ਸਿਰਫ਼ ਕਸ਼ਮੀਰ ਦਾ ਮੌਸਮ ਨਹੀਂ, ਸਗੋਂ ਜੰਗ ਦੇ ਮੈਦਾਨ ਵਿੱਚ ਨੈਤਿਕਤਾ ਦੀ ਧੁੰਦ ਹੈ। ਲੇਖਕ ਅਕਸਰ ਕਹਿੰਦਾ ਹੈ ਕਿ ਜੰਗ ਵਿੱਚ ਸੱਚ ਸਭ ਤੋਂ ਪਹਿਲਾਂ ਸ਼ਹੀਦ ਹੁੰਦਾ ਹੈ ਅਤੇ ਧੁੰਦ ਉਸ ਸੱਚ ਨੂੰ ਲੁਕਾ ਲੈਂਦੀ ਹੈ।

ਖ਼ਤ: 'ਮਿੰਟੂ' ਅਤੇ 'ਗੁਰਪ੍ਰੀਤ ਸਿੰਘ' ਦੀਆਂ ਕਹਾਣੀਆਂ ਵਿੱਚ ਖ਼ਤ ਇਕ ਅਜਿਹਾ ਪ੍ਰਤੀਕ ਹਨ ਜੋ ਵਰਦੀ ਦੇ ਪਿੱਛੇ ਛੁਪੇ 'ਦਿਲ' ਦੀ ਤਰਜਮਾਨੀ ਕਰਦੇ ਹਨ। ਖ਼ਤ ਘਰ, ਮਾਂ ਦੇ ਪਿਆਰ ਅਤੇ ਪ੍ਰੇਮਿਕਾ ਦੀ ਯਾਦ ਦੇ ਅਜਿਹੇ ਸੂਖਮ ਧਾਗੇ ਹਨ ਜੋ ਇਕ ਸਿਪਾਹੀ ਨੂੰ ਵਾਪਸ ਮਨੁੱਖ ਬਣਾਉਂਦੇ ਹਨ।

ਓਪਰੇਸ਼ਨ ਗੁਲਾਬ: ਇਹ ਸਿਰਫ਼ ਇਕ ਫੌਜੀ ਕਾਰਵਾਈ ਦਾ ਨਾਮ ਨਹੀਂ, ਸਗੋਂ ਇਕ ਅਜਿਹੀ ਸਥਿਤੀ ਦਾ ਪ੍ਰਤੀਕ ਹੈ ਜਿੱਥੇ ਇਕ ਪਾਸੇ ਮੌਤ ਦੀਆਂ ਗੋਲੀਆਂ ਹਨ ਅਤੇ ਦੂਜੇ ਪਾਸੇ ਜ਼ਿੰਦਗੀ ਦੀ ਸੁੰਦਰਤਾ (ਗੁਲਾਬ)। ਲੇਖਕ ਵੱਲੋਂ ਫੁੱਲ ਚੋਰੀ ਕਰਨ ਦੀ ਘਟਨਾ ਇਕ ਸੁਚੇਤ ਵਿਦਰੋਹ ਹੈ, ਕਠੋਰਤਾ ਦੇ ਵਿਰੁੱਧ ਕੋਮਲਤਾ ਦਾ ਵਿਦਰੋਹ।

ਸਮਾਜਿਕ ਸੰਵੇਦਨਾ ਅਤੇ ਵਿਚਾਰਧਾਰਕ ਪਿਛੋਕੜ: ਕੰਵਲਜੀਤ ਭੁੱਲਰ ਦੀ ਵਿਚਾਰਧਾਰਾ ਕਿਸੇ ਤੰਗ ਰਾਸ਼ਟਰਵਾਦ ਦੀ ਮੁਥਾਜ ਨਹੀਂ ਹੈ। ਉਹ ਉਸ 'ਸਰਵ-ਸਾਂਝੀਵਾਲਤਾ' ਦੇ ਪੰਜਾਬੀ ਚਿੰਤਨ ਤੋਂ ਪ੍ਰਭਾਵਿਤ ਹਨ ਜੋ ਬਾਬਾ ਨਾਨਕ ਅਤੇ ਸੂਫ਼ੀ ਸੰਤਾਂ ਦੀ ਵਿਰਾਸਤ ਹੈ।

ਅੱਗੇ ਜਾਰੀ.....




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212





ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ




ਅੰਕ 07 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

ਲੜੀ ਨੰਬਰ 447, ਸਥਾਪਨਾ . ਦਸੂਹਾ , 11/07/2026 ਦਿਨ ਸ਼ਨੀਵਾਰ ( ਨਾਨਕਸ਼ਾਹੀ ਸੰਮਤ 27 ਹਾੜ 558) adbivirsat@gmail.com


## ਵਰਦੀ ਦੇ ਪਿੱਛੇ ਧੜਕਦੀ ਮਾਨਵੀ ਸੰਵੇਦਨਾ ਦਾ ਮਹਾਂ-ਬਿਰਤਾਂਤ "ਵਰਦੀ ਕੇ ਪੀਛੇ ਏਕ ਦਿਲ"

ਪੁਸਤਕ: ਨਾਵਲ: ਵਰਦੀ ਕੇ ਪੀਛੇ ਏਕ ਦਿਲ
ਲੇਖਕ: ਕੰਵਲਜੀਤ ਭੁੱਲਰ
ਮੁੱਲ: 400 ਰੁਪਏ, ਕੁੱਲ ਸਫੇ: 190
ਪ੍ਰਕਾਸ਼ਕ: ਗ੍ਰੰਥ ਅਕਾਦਮੀ, ਨਵੀ ਦਿੱਲੀ
ਸਮੀਖਿਅਕ: ਪ੍ਰੋ. ਪਵਨ ਖਿੱਚੀ, ਮਾਨਸਾ

ਨਾਵਲ ਵਿੱਚ 'ਅਚਿੰਨ੍ਹਤ ਚੀਖਾਂ' ਵਾਲਾ ਅਧਿਆਏ ਇਕ ਸਮਾਜ-ਸ਼ਾਸਤਰੀ ਦਸਤਾਵੇਜ਼ ਹੈ। ਜਦੋਂ ਉਹ ਇਕ ਸ਼ਹੀਦ ਸਿਪਾਹੀ ਦੇ ਜੀਵਨ ਦੀਆਂ ਪਰਤਾਂ ਖੋਲ੍ਹਦਾ ਹੈ, ਤਾਂ ਉਹ ਉਨ੍ਹਾਂ ਸਮਾਜਿਕ ਹਾਲਾਤਾਂ 'ਤੇ ਚੋਟ ਕਰਦਾ ਹੈ ਜੋ ਇਕ ਗਰੀਬ ਕਿਸਾਨ ਦੇ ਪੁੱਤ ਨੂੰ 'ਗੋਲੀ' ਖਾਣ ਲਈ ਮਜਬੂਰ ਕਰਦੇ ਹਨ। ਲੇਖਕ ਦੀ ਵਿਚਾਰਧਾਰਾ ਇੱਥੇ ਬਸਤੀਵਾਦ ਤੋਂ ਬਾਅਦ ਦੀ ਮਾਨਸਿਕਤਾ ਵਾਲੀ ਬਣ ਜਾਂਦੀ ਹੈ, ਜਿੱਥੇ ਉਹ ਸੱਤਾ ਦੇ ਢਾਂਚੇ ਅਤੇ ਆਮ ਸਿਪਾਹੀ ਦੇ ਵਿਚਕਾਰਲੇ ਪਾੜੇ ਨੂੰ ਨੰਗਾ ਕਰਦਾ ਹੈ।

ਭਾਸ਼ਾਈ ਸੁੰਦਰਤਾ ਅਤੇ ਬਿੰਬਾਵਲੀ: ਨਾਵਲ ਦੀ ਭਾਸ਼ਾ ਵਿੱਚ ਇਕ ਅਜੀਬ ਤਰ੍ਹਾਂ ਦੀ ਰਫ਼ਤਾਰ ਅਤੇ ਠਹਿਰਾਅ ਹੈ। ਲੇਖਕ ਨੇ ਸ਼ਬਦਾਂ ਦੀ ਚੋਣ ਇੰਨੀ ਸੂਖਮਤਾ ਨਾਲ ਕੀਤੀ ਹੈ ਕਿ ਇਹ ਹਰ ਪਾਠਕ ਨੂੰ ਆਪਣੀ ਲੱਗਦੀ ਹੈ। ਸ਼ਬਦ ਚਿੱਤਰ ਇੰਨੇ ਪ੍ਰਭਾਵਸ਼ਾਲੀ ਹਨ ਕਿ ਪਾਠਕ ਨੂੰ ਬਰਫ਼ ਦੀ ਠੰਢਕ ਅਤੇ ਗੋਲੀਆਂ ਦੀ ਅਵਾਜ਼ ਆਪਣੇ ਕੰਨਾਂ ਵਿੱਚ ਮਹਿਸੂਸ ਹੁੰਦੀ ਹੈ।

ਉਦਾਹਰਣ ਵਜੋਂ: "ਕੁਝ ਸ਼ਹੀਦ ਯੁੱਧ ਦੇ ਮੈਦਾਨ ਵਿੱਚ ਮਰਦੇ ਹਨ, ਕੁਝ ਅਣਦੇਖੇ, ਅਣਸੁਣੇ ਮਰਦੇ ਹਨ, ਸਿਵਾਏ ਉਨ੍ਹਾਂ ਦੇ, ਜੋ ਉਨ੍ਹਾਂ ਦੀ ਚੁੱਪ ਨੂੰ ਹਮੇਸ਼ਾ ਲਈ ਛੱਡੇ ਹਨ।"
ਇਹ ਭਾਸ਼ਾ ਦੀ ਉਹ ਸਿਖਰ ਹੈ ਜਿੱਥੇ ਵਾਰਤਕ ਵੀ ਕਵਿਤਾ ਬਣ ਜਾਂਦੀ ਹੈ।

ਜੰਗ ਦੀ ਪ੍ਰਸੰਗਿਕਤਾ ਅਤੇ ਸਮੁੱਚਾ ਮੁਲਾਂਕਣ: ਵਿਸ਼ਵ ਸਾਹਿਤ ਵਿੱਚ ਜਦੋਂ ਅਸੀਂ ਇਸ ਦੀ ਤੁਲਨਾ ਕਰਦੇ ਹਾਂ, ਤਾਂ ਇਹ ਉਨ੍ਹਾਂ ਮਾਨਵਵਾਦੀ ਲਿਖਤਾਂ ਦੀ ਯਾਦ ਦਿਵਾਉਂਦੀ ਹੈ ਜੋ ਜੰਗ ਨੂੰ ਕਿਸੇ ਦੀ 'ਜਿੱਤ' ਨਹੀਂ, ਸਗੋਂ 'ਮਨੁੱਖਤਾ ਦੀ ਹਾਰ' ਮੰਨਦੇ ਹਨ।

ਭੁੱਲਰ ਨੇ ਕਸ਼ਮੀਰ ਦੇ ਪ੍ਰਸੰਗ ਵਿੱਚ ਜਿਸ ਸੰਜਮ ਨਾਲ ਲਿਖਿਆ ਹੈ, ਉਹ ਬਹੁਤ ਉੱਚੇ ਦਰਜੇ ਦਾ ਹੈ। ਉਹ ਕਿਸੇ ਪੱਖਪਾਤ ਵਿੱਚ ਨਹੀਂ ਫਸਦੇ। ਉਨ੍ਹਾਂ ਲਈ ਜਿੰਨਾ ਦੁੱਖ ਇਕ ਸਿਪਾਹੀ ਦੀ ਮੌਤ ਦਾ ਹੈ, ਉੰਨੀ ਹੀ ਚਿੰਤਾ ਉਸ ਵਾਦੀ ਦੇ ਆਮ ਨਾਗਰਿਕ ਦੇ ਖੁੱਸੇ ਹੋਏ ਸੁਪਨਿਆਂ ਦੀ ਹੈ। ਇਹ ਸੱਭਿਆਚਾਰਕ ਅਧਿਐਨ ਦਾ ਉਹ ਪੱਖ ਹੈ ਜੋ ਦੱਸਦਾ ਹੈ ਕਿ ਜੰਗ ਸਿਰਫ਼ ਜ਼ਮੀਨ 'ਤੇ ਨਹੀਂ, ਰੂਹਾਂ 'ਤੇ ਲੜੀ ਜਾਂਦੀ ਹੈ।

ਸੰਤੁਲਿਤ ਅਤੇ ਤਰਕਸੰਗਤ ਆਲੋਚਨਾ: ਹਰ ਮਹਾਨ ਰਚਨਾ ਵਾਂਗ, ਇਸ ਵਿੱਚ ਵੀ ਕੁਝ ਸੀਮਾਵਾਂ ਹੋ ਸਕਦੀਆਂ ਹਨ। ਕਈ ਵਾਰ ਲੇਖਕ ਇੰਨਾ ਭਾਵੁਕ ਹੋ ਜਾਂਦਾ ਹੈ ਕਿ ਉਹ ਘਟਨਾ ਦੇ ਵੇਰਵਿਆਂ ਨਾਲੋਂ ਦਾਰਸ਼ਨਿਕ ਚਿੰਤਨ ਵਿੱਚ ਜ਼ਿਆਦਾ ਗੁਆਚ ਜਾਂਦਾ ਹੈ, ਜਿਸ ਨਾਲ ਕਹਾਣੀ ਦੀ ਰਫ਼ਤਾਰ ਮੱਠੀ ਪੈ ਜਾਂਦੀ ਹੈ। ਪਰ ਇਹ ਕੋਈ ਕਮੀ ਨਹੀਂ, ਸਗੋਂ ਇਸ ਦੀ ਵਿਸ਼ੇਸ਼ਤਾ ਹੈ, ਕਿਉਂਕਿ ਇਹ ਕੋਈ ਸਨਸਨੀਖੇਜ਼ ਨਾਵਲ ਨਹੀਂ, ਸਗੋਂ ਇਕ ਅੰਤਰ-ਮੁਖੀ ਸਫ਼ਰ ਹੈ।

ਕੰਵਲਜੀਤ ਭੁੱਲਰ ਦਾ ਨਾਵਲ "ਵਰਦੀ ਦੇ ਪਿੱਛੇ ਇਕ ਦਿਲ" ਸਾਹਿਤਕ ਜਗਤ ਨੂੰ ਇਕ ਨਵੀਂ ਦ੍ਰਿਸ਼ਟੀ ਦਿੰਦਾ ਹੈ। ਇਹ ਦੱਸਦਾ ਹੈ ਕਿ ਵਰਦੀ ਪਹਿਨਣ ਵਾਲਾ ਮਨੁੱਖ ਕੋਈ ਪੱਥਰ ਨਹੀਂ ਹੁੰਦਾ, ਉਸਦੇ ਅੰਦਰ ਵੀ ਇਕ ਦਰਿਆ ਵਗਦਾ ਹੈ, ਉਸ ਨੂੰ ਵੀ ਮਾਸੂਮ ਅਵਾਜ਼ਾਂ ਸੁਣਾਈ ਦਿੰਦੀਆਂ ਹਨ ਅਤੇ ਉਹ ਵੀ ਪਿਆਰ ਭਰੇ ਪਲ ਜਿਉਣਾ ਚਾਹੁੰਦਾ ਹੈ। ਇਕ ਆਲੋਚਕ ਵਜੋਂ ਮੈਂ ਕਹਿ ਸਕਦਾ ਹਾਂ ਕਿ ਇਹ ਕਿਤਾਬ ਆਉਣ ਵਾਲੀਆਂ ਨਸਲਾਂ ਲਈ ਇਕ ਨੈਤਿਕ ਰਸਤਾ ਦਿਖਾਉਣ ਵਾਲੀ ਲਿਖਤ ਸਾਬਤ ਹੋਵੇਗੀ। ਇਹ ਸਿਰਫ਼ ਫ਼ੌਜੀਆਂ ਲਈ ਨਹੀਂ, ਹਰ ਉਸ ਇਨਸਾਨ ਲਈ ਹੈ ਜੋ ਅਨੁਸ਼ਾਸਨ ਅਤੇ ਆਜ਼ਾਦੀ ਦੇ ਵਿਚਕਾਰਲੇ ਸੰਤੁਲਨ ਨੂੰ ਸਮਝਣਾ ਚਾਹੁੰਦਾ ਹੈ। ਕੰਵਲਜੀਤ ਭੁੱਲਰ ਨੇ ਸਿੱਧ ਕਰ ਦਿੱਤਾ ਹੈ ਕਿ ਜਦੋਂ ਬੰਦੂਕ ਚਲਾਉਣ ਵਾਲੇ ਹੱਥ ਕਲਮ ਫੜਦੇ ਹਨ, ਤਾਂ ਉਹ ਸਿਰਫ਼ ਕਾਗਜ਼ 'ਤੇ ਅੱਖਰ ਨਹੀਂ ਵਾਹੁੰਦੇ, ਸਗੋਂ ਇਤਿਹਾਸ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਉਂਦੇ ਹਨ।

ਇਹ ਨਾਵਲ ਅੱਜ ਦੇ ਸਮੇਂ ਦੇ ਸਾਹਿਤ ਦਾ ਇਕ ਚਮਕਦਾ ਸਿਤਾਰਾ ਹੈ, ਜਿਸ ਵਿੱਚ ਗਹਿਰਾ ਚਿੰਤਨ, ਸਮਾਜਿਕ ਦਰਦ ਅਤੇ ਭਾਸ਼ਾ ਦੀ ਸੁੰਦਰਤਾ ਦਾ ਬਹੁਤ ਹੀ ਦੁਰਲੱਭ ਮਿਲਾਪ ਹੈ। ਪੰਜਾਬੀ ਸਾਹਿਤਕ ਪਰੰਪਰਾ ਵਿੱਚ ਇਸ ਤਰ੍ਹਾਂ ਦੀਆਂ ਲਿਖਤਾਂ ਦੀ ਬਹੁਤ ਲੋੜ ਹੈ ਜੋ ਮਨੁੱਖੀ ਸੰਵੇਦਨਾ ਨੂੰ ਸਭ ਤੋਂ ਉੱਪਰ ਰੱਖਦੀਆਂ ਹਨ।



ਪ੍ਰੋ. ਪਵਨ ਖਿੱਚੀ , ਮਾਨਸਾ





ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ
ਹਫ਼ਤਾਵਰੀ ਆਨਲਾਈਨ ਮੈਗਜ਼ੀਨ
ਅਦਬੀ ਵਿਰਾਸਤ
ਅੰਕ 07
ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)
ਲੜੀ ਨੰਬਰ 431, ਸਥਾਪਨਾ . ਦਸੂਹਾ , 10/07/2026 ਦਿਨ ਸ਼ੁੱਕਰਵਾਰ ( ਨਾਨਕਸ਼ਾਹੀ ਸੰਮਤ 26 ਹਾੜ 558) adbivirsat@gmail.com

# ਅਮਰ ਵੇਲ , ਇੱਕ ਜਾਦੂਈ ਪੌਦਾ

ਕਈ ਜਗ੍ਹਾ ਦਰਖਤਾਂ ਉੱਤੇ ਜਾਂ ਵਾੜਾਂ ਉੱਪਰ, ਹਲਕੇ ਪੀਲੇ ਅਤੇ ਹਰੇ ਰੰਗ ਦੇ ਮੋਟੇ ਧਾਗਿਆਂ ਵਰਗੀ ਵੇਲ ਚੜ੍ਹੀ ਹੁੰਦੀ ਹੈ, ਇਸ ਨੂੰ ਪੰਜਾਬ ਵਿੱਚ ਅਮਰ ਵੇਲ ਜਾਂ ਆਕਾਸ਼ ਵੇਲ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ। ਇਸ ਨੂੰ ਡੋਡਰ ਵੀ ਕਹਿੰਦੇ ਹਨ। ਇਸ ਦਾ ਵਿਗਿਆਨਕ ਨਾਮ ਕਸਕਿਊਟਾ ਹੈ। ਇਹ ਇੱਕ ਅਜਹਾ ਪੌਦਾ ਹੈ, ਜਿਸ ਦੇ ਨਾਂ ਤਾਂ ਪੱਤੇ ਹੁੰਦੇ ਹਨ, ਅਤੇ ਨਾ ਹੀ ਇਸ ਵਿੱਚ ਕਲੋਰੋਫਿਲ ਹੁੰਦਾ ਹੈ। ਇਸ ਲਈ ਇਹ ਪੌਦਾ ਪ੍ਰਕਾਸ਼ ਸੰਸਲੇਸ਼ਣ ਲਈ ਸਮਰੱਥ ਨਹੀਂ ਹੁੰਦਾ। ਜਿੱਥੇ ਬਾਕੀ ਪੌਦੇ ਆਪਣਾ ਭੋਜਨ ਆਪ ਤਿਆਰ ਕਰਦੇ ਹਨ, ਉੱਥੇ ਇਹ ਇੱਕ ਵੱਖਰੀ ਕਿਸਮ ਦਾ ਪੌਦਾ ਹੈ, ਜੋ ਕਿ ਇੱਕ ਪਰਜੀਵੀ ਦੇ ਤੌਰ ਤੇ ਦੂਜੇ ਪੌਦਿਆਂ ਤੋਂ ਆਪਣੀ ਖੁਰਾਕ ਲੈਂਦਾ ਹੈ। ਜਿਵੇਂ ਬਾਕੀ ਪੌਦੇ ਆਪਣੀਆਂ ਜੜ੍ਹਾਂ ਮਿੱਟੀ ਵਿੱਚ ਸਥਾਪਿਤ ਕਰ ਕੇ ਪਾਣੀ ਅਤੇ ਖੁਰਾਕੀ ਤੱਤ ਮਿੱਟੀ ਵਿੱਚੋਂ ਸੋਖਦੇ ਹਨ, ਇਸ ਪੌਦੇ ਵਿੱਚ ਹੋਸਟੋਰੀਆ ਨਾਮਕ ਕੰਡੇ ਜਿਹੇ ਹੁੰਦੇ ਹਨ, ਜਿਹਨਾਂ ਨੂੰ ਇਹ ਕਿਸੇ ਦੂਜੇ ਪੌਦੇ ਵਿੱਚ ਖੋਭ ਕੇ ਉਸ ਪੌਦੇ ਤੋਂ ਆਪਣੀ ਖੁਰਾਕ ਅਤੇ ਪਾਣੀ ਲੈਂਦਾ ਹੈ। ਆਮ ਅੱਖ ਨਾਲ਼ ਦੇਖਣ ਤੇ ਇਹ ਪਤਾ ਹੀ ਨਹੀਂ ਲਗਦਾ ਕਿ ਇਸ ਦੀਆਂ ਕਿਤੇ ਜੜ੍ਹਾਂ ਵੀ ਹਨ। ਇਸੇ ਕਰਕੇ ਇਸ ਨੂੰ ਆਕਾਸ਼ ਵੇਲ ਕਿਹਾ ਜਾਂਦਾ ਹੈ। ਵਿਲੱਖਣ ਗੱਲ ਇਹ ਹੈ ਕਿ ਇਸ ਨੂੰ ਸਾਰੇ ਪੌਦੇ ਪਸੰਦ ਨਹੀਂ। ਇਹ ਪੌਦਾ ਆਪਣੀ ਪਸੰਦ ਦੇ ਪੌਦੇ ਉੱਤੇ ਹੀ ਚੜ੍ਹਦਾ ਹੈ। ਇਸ ਪੌਦੇ ਵਿੱਚ ਗੰਧ ਨੂੰ ਸੁੰਘਣ ਦੀ ਸ਼ਕਤੀ ਹੁੰਦੀ ਹੈ ਅਤੇ ਇਹ ਆਪਣੀ ਪਸੰਦ ਜਾਂ ਨਾਂਪਸੰਦ ਉਸ ਗੰਧ ਦੇ ਅਨੁਸਾਰ ਹੀ ਨਿਰਧਾਰਿਤ ਕਰਦਾ ਹੈ। ਇਹ ਇੰਨਾ ਹਮਲਾਵਰ ਪੌਦਾ ਹੈ ਕਿ ਜਿਸ ਪੌਦੇ ਤੇ ਇੱਕ ਵਾਰ ਚੜ੍ਹ ਜਾਂਦਾ ਹੈ, ਉਸ ਨੂੰ ਦੱਬ ਹੀ ਲੈਂਦਾ ਹੈ। ਇਸ ਨੂੰ ਕਾਬੂ ਕਰਨਾ ਫਿਰ ਬੜਾ ਹੀ ਮੁਸ਼ਕਿਲ ਹੋ ਜਾਂਦਾ ਹੈ। ਵੱਡੇ ਵੱਡੇ ਦਰੱਖਤ ਇਸ ਦੀ ਮਾਰ ਹੇਠ ਦੱਬੇ ਜਾਂਦੇ ਹਨ। ਜੇਕਰ ਇਸ ਨੂੰ ਕਿਸੇ ਦਰੱਖਤ ਤੋਂ ਲਾਹ ਵੀ ਦਈਏ, ਤਾਂ ਵੀ ਇਸ ਦਾ ਕੋਈ ਨਾ ਕੋਈ ਹੌਸਟੋਰੀਆ ਦੂਜੇ ਪੌਦੇ ਵਿੱਚ ਚੁਭਿੱਆ ਰਹਿ ਜਾਂਦਾ ਹੈ। ਓਸੇ ਤੋਂ ਇਹ ਫਿਰ ਪੈਦਾ ਹੋ ਜਾਂਦਾ ਹੈ। ਇਸੇ ਕਰਕੇ ਇਸ ਨੂੰ ਅਮਰ ਵੇਲ ਕਹਿੰਦੇ ਹਨ।

ਕੁਦਰਤ ਨੇ ਇਸ ਪੌਦੇ ਨੂੰ ਗੁਣ ਵੀ ਬੜੇ ਦਿੱਤੇ ਹਨ। ਇਸ ਦੀਆਂ ਕਾਫੀ ਪ੍ਰਜਾਤੀਆਂ ਲੰਬੇ ਸਮੇਂ ਤੋਂ ਦੇਸੀ ਦਵਾਈਆਂ ਲਈ ਵਰਤੀਆਂ ਜਾਂਦੀਆਂ ਹਨ। ਜਿਹਨਾਂ ਦੇ ਚਿਹਰੇ ਤੇ ਫਿਨਸੀਆਂ ਹੋ ਜਾਂਦੀਆਂ ਹਨ, ਉਹ ਇਸ ਪੌਦੇ ਨੂੰ ਪਾਣੀ ਵਿੱਚ ਰਿਨ੍ਹ ਕੇ ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਰੂੰ ਨਾਲ ਚਿਹਰੇ ਤੇ ਲਾਉਂਦੇ ਹਨ। ਫਿਨਸੀਆਂ ਨੂੰ ਇਹ ਆਮ ਇਲਾਜਾਂ ਤੋਂ ਜਲਦੀ ਠੀਕ ਕਰਦਾ ਹੈ। ਚਿਹਰੇ ਦੀਆਂ ਛਾਈਆਂ ਹਟਾਉਣ ਅਤੇ ਰੰਗ ਸਾਫ ਕਰਨ ਲਈ ਵੀ ਇਸ ਪੌਦੇ ਨੂੰ ਲਾਭਦਾਇਕ ਮੰਨਿਆ ਜਾਂਦਾ ਹੈ। ਇਸ ਵਿੱਚ ਬੁਢਾਪਾ ਵਿਰੋਧੀ ਗੁਣ ਹੁੰਦੇ ਹਨ।

ਵਾਲ਼ ਝੜਨ ਤੋਂ ਰੋਕਣ ਵਾਸਤੇ ਅਤੇ ਵਾਲ਼ਾਂ ਨੂੰ ਲੰਬੇ ਕਰਨ ਲਈ ਇਸ ਨੂੰ ਨਾਰੀਅਲ ਜਾਂ ਸਰ੍ਹੋਂ ਦੇ ਤੇਲ ਵਿੱਚ ਸਾੜ ਕੇ ਲਾਉਣਾ ਲਾਭਦਾਇਕ ਹੁੰਦਾ ਹੈ। ਇਸ ਦਾ ਕਾੜ੍ਹਾ ਬਣਾ ਕੇ ਪੀਣਾਂ ਜਿਗਰ ਅਤੇ ਗੁਰਦਿਆਂ ਵਾਸਤੇ ਬਹੁਤ ਲਾਭਦਾਇਕ ਹੈ। ਇਹ ਪੀਣ ਨਾਲ ਪਿਸ਼ਾਬ ਜਿਆਦਾ ਆਉਂਦਾ ਹੈ, ਜਿਸ ਕਰਕੇ ਬਲੱਡ ਪਰੈਸ਼ਰ ਵਧਦਾ ਨਹੀਂ। ਇਹ ਗੁਰਦਿਆਂ ਦੀ ਸਫਾਈ ਕਰ ਦਿੰਦਾ ਹੈ। ਸਰੀਰਕ ਕਮਜੋਰੀ ਦੂਰ ਕਰਨ ਲਈ ਇਹ ਮਰਦਾਂ ਅਤੇ ਔਰਤਾਂ, ਦੋਵਾਂ ਲਈ ਲਾਭਕਾਰੀ ਹੈ।

ਚਮੜੀ ਤੇ ਕਈ ਪ੍ਰਕਾਰ ਦੀਆਂ ਖੁਜਲੀਆਂ ਲਈ ਇਸ ਪੌਦੇ ਨੂੰ ਰਗੜ ਕੇ ਬਣਾਈ ਮਲ੍ਹਮ ਲਾਭਕਾਰੀ ਹੁੰਦੀ ਹੈ। ਸੋਜ ਘਟਾਉਣ ਵਾਸਤੇ ਇਸ ਪੌਦੇ ਦੇ ਕਾੜ੍ਹੇ ਨਾਲ਼ ਟਕੋਰ ਕਰਨਾ ਅਤੇ ਇਸ ਦੀ ਮਲ੍ਹਮ ਬਣਾ ਕੇ ਲਾਉਣਾ ਲਾਭਦਾਇਕ ਮੰਨਿਆ ਗਿਆ ਹੈ।

ਬੇਸ਼ੱਕ ਇਹ ਪੌਦਾ ਬਹੁਤ ਗੁਣਕਾਰੀ ਹੈ, ਪਰ ਇਸ ਦੀ ਲੋੜ ਤੋਂ ਵੱਧ ਵਰਤੋਂ ਹਾਨੀਕਾਰਕ ਹੋ ਸਕਦੀ ਹੈ। ਆਮ ਤੌਰ ਤੇ ਅਤੇ ਖਾਸਕਰ ਗਰਭਪਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਨੂੰ ਇਸਦੀ ਵਰਤੋਂ ਡਾਕਟਰ ਦੀ ਸਲਾਹ ਤੋਂ ਬਿਨਾਂ ਨਹੀਂ ਕਰਨੀ ਚਾਹੀਦੀ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।
"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"
E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212






ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

# ਅਦਬੀ ਵਿਰਾਸਤ

ਅੰਕ 07

ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)


## ਕੁਝ ਦੋਹੇ ਅਦਬੀ ਦੋਸਤਾਂ ਦੀ ਨਜ਼ਰ

ਲੱਖ ਕਰੋੜ ਹੜੱਪ ਦੇ, ਸੂਈ ਕਰਦੇ ਦਾਨ।
ਜੱਗ 'ਚ ਨੇਕੀ ਲੋਚਦੇ, ਬਣ ਧਰਮੀ ਇਨਸਾਨ।
ਕੁਰਸੀ ਕੁਰਸੀ ਕੂਕਦੀ,ਕੁੱਲ ਸਿਆਸੀ ਧਾੜ।
ਸੱਤਾ ਹਾਸਲ ਕਰਨ ਲਈ, ਲਾਉਂਦੇ ਫਿਰਨ ਜੁਗਾੜ।
ਸਬਰ ਸ਼ੁਕਰ ਤੇ ਸਾਦਗੀ,ਹੋਵਣ ਜਿਸਦੇ ਕੋਲ।
ਸ਼ੋਭਾ ਪਾਉਂਦਾ ਆਦਮੀ, ਮਿੱਠੇ ਜਿਸ ਦੇ ਬੋਲ।
ਨੇਕੀ ਪੱਲੇ ਨਿਮਰਤਾ, ਬੰਦੇ ਹੋਣ ਹਕੀਰ।
ਕਰਕੇ ਸੁੱਚੀ ਕਾਰ ਨੂੰ,ਘੜ ਲੈਂਦੇ ਤਕਦੀਰ।
ਮਰਦ ਕਦੇ ਨਾ ਡੋਲਦੇ, ਰੱਖਣ ਪੱਲੇ ਧੀਰ।
ਔਖੇ ਪੰਧ ਨਿਬੇੜ ਦੇ, ਕਰ ਕੋਈ ਤਦਬੀਰ।




## ਰਿਸ਼ਤਾ ਮਾਵਾਂ ਧੀਆਂ ਦਾ

ਮਾਂ ਦੀ ਕੀ ਕੀ ਸਿਫਤ ਸੁਣਾਵਾਂ
ਮਾਂ ਤਾਂ ਕੋਈ ਬੂਟਾ ਘਣਛਾਵਾਂ

ਬੂਹੇ ਅੱਗੇ ਖੜ੍ਹ ਕਰੇ ਉਡੀਕਾਂ
ਜਦੋਂ ਵੀ ਮੈਂ ਪੇਕਿਆਂ ਨੂੰ ਜਾਵਾਂ

ਜੱਫੀ ਪਾਕੇ ਘੁੱਟ ਘੁੱਟ ਮਿਲਦੀ
ਦਿਲ ਤੋਂ ਦਿੰਦੀ ਲੱਖ ਦੁਆਵਾਂ

ਚਿਹਰਾ ਦੇਖ ਦੁੱਖ ਬੁੱਝ ਲੈਂਦੀ
ਬੇਸ਼ਕ ਉਸ ਤੋਂ ਲੱਖ ਲੁਕਾਵਾਂ

ਵਾਰ ਕੇ ਮਿਰਚਾਂ ਲਾਹੇ ਨਜ਼ਰਾਂ
ਕਰਦੀ ਰਹੇ ਓਹ ਦੂਰ ਬਲਾਵਾਂ

ਚੂਰੀ ਕੁੱਟ ਕੇ ਮੂੰਹ ਵਿੱਚ ਪਾਵੇ
ਜਦੋਂ ਕਦੀ ਖਾਣਾ ਨਾ ਖਾਵਾਂ

ਧੀਆਂ ਦੇ ਦੁੱਖ ਖੁਦ ਹੰਢਾਓਂਦੀ
ਹੱਥੀਂ ਕਰਦੀ ਗੁੜ੍ਹੀਆਂ ਛਾਵਾਂ

ਜਦ ਕੋਈ ਦੁੱਖ ਪਰਮ ਤੇ ਆਵੇ
ਮਾਂ ਲੁਕ ਛਿਪ ਕੇ ਮਾਰੇ ਧਾਹਵਾਂ

ਮਾਂ ਵਰਗਾ ਨਾ ਰਿਸ਼ਤਾ ਕੋਈ
ਮਾਂ ਜਾਪੇ ਵਾਂਗ ਸ਼ੀਤ ਹਵਾਵਾਂ

ਕਰੇ "ਕਲੇਰ" ਅਰਜੋਈ ਰੱਬਾ
ਸਦਾ ਸਲਾਮਤ ਰਹਿਣ ਮਾਵਾਂ




## ਮੇਰੇ ਯਾਰ ਦਿਲਦਾਰ

ਜਿਹੜੇ ਰੂਹਾਂ ਦੇ ਸਫ਼ਰ ਨੂੰ ਸਮਝਦੇ ਨੇ,
ਉਹੀ ਮੇਰੇ ਯਾਰ ਦਿਲਦਾਰ ਨੇ।
ਜਿਹੜੇ ਚੁੱਪ ਦੀ ਬੋਲੀ ਸੁਣ ਲੈਂਦੇ ਨੇ,
ਉਹੀ ਮੇਰੇ ਯਾਰ ਦਿਲਦਾਰ ਨੇ।

ਨਿੱਕੀ ਜਿਹੀ ਮੁਸਕਾਨ ਵਿੱਚ ਜਿਹੜੇ,
ਉਮਰਾਂ ਦੀ ਰੌਸ਼ਨੀ ਲੱਭ ਲੈਂਦੇ।
ਹੰਝੂਆਂ ਨੂੰ ਵੀ ਮੋਤੀ ਆਖ ਕੇ,
ਦਿਲਾਂ ਦੇ ਜ਼ਖ਼ਮ ਸਹਲਾਉਂਦੇ।
ਜਿਹੜੇ ਨਫ਼ਰਤ ਵਿੱਚ ਵੀ ਪਿਆਰ ਬੀਜਣ,
ਉਹੀ ਮੇਰੇ ਯਾਰ ਦਿਲਦਾਰ ਨੇ।

ਜਿਹੜੇ ਹਵਾ ਦੀ ਸਰਗੋਸ਼ੀ ਵਿੱਚ,
ਰੱਬ ਦਾ ਨਾਮ ਸੁਣ ਲੈਂਦੇ ਨੇ।
ਸੁੱਕੇ ਰੁੱਖਾਂ ਦੀਆਂ ਟਾਹਣੀਆਂ ਵਿੱਚੋਂ,
ਨਵੀਆਂ ਬਹਾਰਾਂ ਬੁਣ ਲੈਂਦੇ ਨੇ।
ਜਿਹੜੇ ਹਰ ਇਨਸਾਨ ਵਿੱਚ ਨੂਰ ਵੇਖਣ,
ਉਹੀ ਮੇਰੇ ਯਾਰ ਦਿਲਦਾਰ ਨੇ।

ਜਿਹੜੇ ਆਪਣੇ ਆਪ ਨੂੰ ਜਿੱਤ ਕੇ,
ਦੁਨੀਆਂ ਨਾਲ ਰੁੱਸਦੇ ਨਹੀਂ।
ਸੱਚ ਦੇ ਰਾਹ ਤੇ ਤੁਰਦੇ ਤੁਰਦੇ,
ਕਿਸੇ ਅੱਗੇ ਝੁਕਦੇ ਨਹੀਂ।
ਜਿਹੜੇ ਦਿਲ ਨੂੰ ਮੰਦਰ ਬਣਾ ਲੈਣ,
ਉਹੀ ਮੇਰੇ ਯਾਰ ਦਿਲਦਾਰ ਨੇ।




## ਨਾ ਬਣੀਏ ਰੱਬ ਦੇ ਸ਼ਰੀਕ

ਜੱਗ ਦੀ ਸੰਚਾਲਕ ਸ਼ਕਤੀ ਪਰਮ ਪਿਤਾ ਪਰਮਾਤਮਾ ਨੇ ਸਭ ਨੂੰ ਲਾ-ਮਿਸਾਲ ਬਣਾਇਆ ਹੈ। ਹਰ ਪ੍ਰਾਣੀ ਆਪਣੇ ਆਪ ਵਿਚ ਖ਼ੂਬਸੂਰਤ ਹੈ। ਸਮਝ ਤੋਂ ਬਾਹਰ ਹੈ ਕਿ ਫਿਰ ਉਹ ਪਰਮ-ਸ਼ਕਤੀ ਦੀ ਬਣਤਰ ਵਿਚ ਛਾਹ-ਭੰਨ ਕਰਨ ਦਾ ਹੱਕ ਸਾਨੂੰ ਕਿਸ ਨੇ ਦਿੱਤਾ? ਸਾਡੇ ਸਰੀਰ ਉੱਤੇ ਦਿੱਤੇ ਗਏ ਰੋਮਾਂ ਦਾ, ਵਾਲਾਂ ਦਾ ਆਪਣਾ ਮਹੱਤਵ ਹੈ। ਜੇ ਮਹੱਤਵ ਨਾ ਹੁੰਦਾ ਤਾਂ ਇਕ ਵਾਰ ਹਟਾਏ ਜਾਣ ਤੋਂ ਬਾਅਦ ਇਹ ਦੁਬਾਰਾ ਨਾ ਆਉਂਦੇ । ਇਹਨਾਂ ਦਾ ਵਾਰ ਵਾਰ ਵਧਣਾ ਜਾਂ ਉੱਗਣਾ ਏਹੀ ਜ਼ਾਹਰ ਕਰਦਾ ਹੈ ਕਿ ਇਹ ਪਰਮਾਤਮਾ ਵੱਲੋਂ ਚਮੜੀ ਨੂੰ ਦਿੱਤੇ ਗਏ ਕਵਚ ਹਨ।

ਸਾਡੇ ਸਾਹਮਣੇ ਪਾਰਲਰਾਂ ਦੇ ਰੂਪ ਵਿਚ ਜੋ ਰੋਜ਼ੀ ਰੋਟੀ ਦੇ ਸਾਧਨ ਪਰੋਸੇ ਗਏ ਹਨ, ਉਹ ਕਾਰਪੋਰੇਟਾਂ ਦੇ ਮੁਨਾਫ਼ੇ ਨੂੰ ਧਿਆਨ ਵਿਚ ਰੱਖ ਕੇ ਕੀਤੇ ਗਏ ਹਨ। ਸਰਕਾਰ ਸਾਨੂੰ ਪਾਰਲਰਾਂ ਉੱਤੇ ਸਬਸਿਡੀ ਦਿੰਦੀ ਹੈ ਤਾਂ ਉਹਦਾ ਮਤਲਬ ਇਹੀ ਹੈ ਕਿ ਸਾਡੀ ਨਾਰੀ ਜਾਤੀ ਕਿਧਰੇ ਵਧੇਰੇ ਪੜ੍ਹ ਕੇ ਗਿਆਨਵਾਨ ਨਾ ਹੋ ਜਾਵੇ! ਜੇ ਇਹ ਪੜ੍ਹ ਗਈਆਂ ਤਾਂ ਤਰਕ ਤੇ ਦਲੀਲ ਨਾਲ ਗੱਲ ਕਰਨਗੀਆਂ ਜੋ ਨਾ ਕਿਸੇ ਹਉਮੈ-ਭਰੇ ਮਰਦ ਨੂੰ ਪ੍ਰਵਾਨ ਹੈ ਤੇ ਨਾ ਕੁਰਸੀ ਵਾਲਿਆਂ ਨੂੰ!

ਅਗਲੀ ਗੱਲ ਨਾਰੀ ਨੂੰ ਸੁੰਦਰਤਾ ਸਾਧਨਾਂ ਦੀ ਬਹੁਤਾਤ ਦੇ ਕੇ ਮਰਦ ਵਪਾਰੀ ਆਪਣਾ ਵਪਾਰ ਚਮਕਾਉਂਦੇ ਹਨ। ਅੱਜ ਗਹੁ ਨਾਲ਼ ਵਿਚਾਰੋ ਤਾਂ ਅੱਸੀ ਪ੍ਰਤੀਸ਼ਤ ਬਾਜ਼ਾਰ ਨਾਰੀ ਵਸਤਾਂ ਦੇ ਸਹਾਰੇ ਚੱਲ ਰਿਹਾ ਹੈ। ਇਕ ਤਾਂ ਤੁਸੀਂ ਇਹਨਾਂ ਦੇ ਵਪਾਰ ਦਾ ਸਾਧਨ ਬਣਦੀਆਂ ਹੋ ਤੇ ਦੂਜਾ ਫ਼ੈਸ਼ਨ ਦੇ ਨਿੱਤ ਬਦਲਦੇ ਰੂਪ ਅਪਣਾ ਕੇ ਤੇ ਸੁੰਦਰਤਾ ਸਾਧਨਾਂ ਨਾਲ ਆਪਣੀ ਲਿੱਪਾ ਪੋਚੀ ਕਰਕੇ ਤੁਸੀਂ ਮਰਦ ਦੀ ਕਾਮ ਵਾਸਨਾ ਭੜਕਾਉਣ ਦਾ ਜ਼ਰੀਆ ਬਣਦੀਆਂ ਹੋ। ਸਜੀਆਂ ਸੰਵਰੀਆਂ ਅਠਾਈ ਇੰਚ ਲੱਕ ਵਾਲੀਆਂ ਗੁੱਡੀਆਂ ਨੂੰ ਜਿਹੜਾ ਮਰਜ਼ੀ ਤੇ ਜਦੋਂ ਮਰਜ਼ੀ ਰਸਗੁੱਲੇ ਵਾਂਗ ਮੂੰਹ ਵਿਚ ਪਾਉਣ ਦੀ ਕਰਦਾ ਹੈ। ਫਿਰ ਮਰਦ ਮਜ਼ਾਕ ਵੀ ਤੁਹਾਡਾ ਹੀ ਬਣਾਉਂਦੇ ਹਨ ਕਿ ਸਭ ਤੋਂ ਵੱਧ ਦੁਕਾਨਾਂ ਤਾਂ ਨਾਰੀਆਂ ਦੇ ਸਮਾਨ ਦੀਆਂ ਹੀ ਸਜੀਆਂ ਹੁੰਦੀਆਂ ਹਨ।

"ਲੱਕ ਟਵੰਟੀ ਏਟ ਕੁੜੀ ਦਾ, ਫੋਟੀ ਸੈਵਨ ਵੇਟ ਕੁੜੀ ਦਾ...." ਗੀਤ ਦੇ ਸਹੀ ਅਰਥਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜਿਹੜੀ ਕੁੜੀ ਇਸ ਮਾਪ ਦੇ ਫਿੱਟ ਬੈਠਦੀ ਹੈ ਉਹਦੇ ਅੰਦਰ ਭਲਾ ਕਿੰਨੀ ਕੁ ਤਾਕਤ ਹੋਏਗੀ ? ਏਸ "ਲੱਕ ਟਵੰਟੀ ਏਟ...." ਵਾਲੇ ਗੀਤ ਦੀ ਬੇਹੂਦਗੀ ਵਿਰੁੱਧ ਕਿਸੇ ਨਾਰੀ ਵੱਲੋਂ ਵੀ ਕੋਈ ਆਵਾਜ਼ ਨਹੀਂ ਚੁੱਕੀ ਗਈ! ਤਾਂ ਫਿਰ ਕੀ ਇਹੀ ਸਮਝਿਆ ਜਾਵੇ ਕਿ ਤੁਸੀਂ ਵੀ ਫੂਕ ਮਾਰੇ ਉੱਡਣ ਵਾਲੀਆਂ "ਗੁੱਡੀਆਂ" ਬਣਨ ਦੀ ਚਾਹ ਰੱਖਦੀਆਂ ਹੋ? ਜੇ ਰੱਖਦੀਆਂ ਹੋ ਤਾਂ ਤੁਸੀਂ ਆਪਣੇ ਆਪ ਲਈ ਹੀ ਬਹੁਤ ਖ਼ਤਰਨਾਕ ਰੁਝਾਨ ਅਪਣਾ ਰਹੀਆਂ ਹੋ। ਇਕ ਪਤਲੀ ਪਤੰਗ ਛਟਾਂਕੀ ਭਾਰ ਵਾਲੀ ਧੀ ਭੈਣ ਕਿਸੇ ਦਰਿੰਦੇ ਦਾ ਕੀ ਮੁਕਾਬਲਾ ਕਰ ਲਊਗੀ?

ਇਲਜ਼ਾਮ ਵੀ ਫਿਰ ਤੁਹਾਡੇ ਉੱਪਰ ਹੀ ਲੱਗਦੇ ਹਨ ਕਿ ਕੁੜੀ ਨੇ ਪਹਿਰਾਵਾ ਹੀ ਅਜਿਹਾ ਪਾਇਆ ਹੋਇਆ ਸੀ ਤਾਂ ਮਰਦ ਦੀ ਕਾਮ-ਵਾਸਨਾ ਭੜਕਣੀ ਹੀ ਸੀ!

ਹੁਣ ਇਕ ਪਾਸੇ ਮਰਦਾਂ ਵੱਲੋਂ ਹੀ ਅਜਿਹੇ ਪੁੱਠੇ-ਸਿੱਧੇ, ਛੋਟੇ ਤੇ ਕੱਟੇ ਵੱਢੇ ਫ਼ੈਸ਼ਨੇਬਲ ਪਹਿਰਾਵੇ ਤਿਆਰ ਕਰਕੇ ਬਾਜ਼ਾਰ ਵਿਚ ਉਤਾਰੇ ਜਾਂਦੇ ਹਨ। ਤੁਹਾਨੂੰ ਸ਼ੋ-ਪੀਸ ਵਾਂਗ ਤਿਆਰ ਹੋਣ ਲਈ ਉਕਸਾਇਆ ਜਾਂਦਾ ਹੈ ਤੇ ਤੁਸੀਂ ਵੀ ਬਿਨਾਂ ਸੋਚੇ ਸਮਝੇ, ਬਿਨਾਂ ਘੋਖਿਆਂ ਪਰਖਿਆਂ ਇਹਨਾਂ ਫ਼ੈਸ਼ਨਾਂ ਨੂੰ ਚਾਹ ਕੇ ਅਪਣਾ ਲੈਂਦੀਆਂ ਹੋ।

ਇਕ ਪਾਸੇ ਇਹ ਫ਼ੈਸ਼ਨੇਬਲ ਕੱਪੜੇ ਤੇ ਮਹਿੰਗੇ ਸੁੰਦਰਤਾ ਸਾਧਨ ਤੁਹਾਡੇ ਘਰਾਂ ਦੇ ਬੱਜਟ ਵਿਗਾੜਨ ਦਾ ਸਬੱਬ ਬਣਦੇ ਹਨ ਜਿਸ ਨਾਲ ਘਰਾਂ ਵਿਚ ਲੜਾਈ ਝਗੜੇ, ਏਥੋਂ ਤੱਕ ਕਿ ਤਲਾਕ ਤੱਕ ਦੀ ਨੌਬਤ ਵੀ ਆ ਜਾਂਦੀ ਹੈ। ਦੂਜੇ ਪਾਸੇ ਕੈਮੀਕਲ ਭਰਪੂਰ ਸੁੰਦਰਤਾ ਸਾਧਨ ਤੁਹਾਡੀ ਚਮੜੀ ਦਾ ਕਿੰਨਾ ਨੁਕਸਾਨ ਕਰਦੇ ਹਨ? ਇਹ ਤੁਹਾਡੀ ਸੋਚ ਤੋਂ ਵੀ ਕਿਤੇ ਪਰ੍ਹੇ ਹੈ। ਲਗਾਤਾਰ ਇਹ ਪੈਕ ਵਰਤਦੀਆਂ ਰਹਿਣ ਵਾਲੀਆਂ ਔਰਤਾਂ ਜਦ ਇਹਨਾਂ ਦੀ ਵਰਤੋਂ ਛੱਡਦੀਆਂ ਹਨ ਤਾਂ ਇਕ ਪਾਸੇ ਉਹ ਡਿਪਰੈਸ਼ਨ ਦਾ ਸ਼ਿਕਾਰ ਹੋਈਆਂ ਪਾਈਆਂ ਜਾਂਦੀਆਂ ਹਨ ਤੇ ਦੂਜੇ ਪਾਸੇ ਚਮੜੀ ਦੇ ਕੈਂਸਰ ਤੱਕ ਨੂੰ ਬੁਲਾਵਾ ਦੇ ਚੁੱਕੀਆਂ ਹੁੰਦੀਆਂ ਹਨ।

ਮੇਰੀਆਂ ਗੱਲਾਂ ਹੋ ਸਕਦੈ ਕਿ ਮੇਰੀਆਂ ਬਹੁਤੀਆਂ ਧੀਆਂ ਭੈਣਾਂ ਨੂੰ ਚੁਭ ਜਾਣ ਪਰ ਇਕ ਪਹਿਰੂਏ ਵਾਂਗ ਮੈਂ ਹੋਕਾ ਦਿੰਦੀ ਰਹਿਣਾ ਹੈ ਕਿਉਂਕਿ ਮੈਨੂੰ ਮੇਰੀ ਜਾਤੀ ਦੀ ਚਿੰਤਾ ਹੈ ਤੇ ਮੇਰਾ ਇਹਨਾਂ ਨੂੰ ਆਗਾਹ ਕਰਨਾ ਫ਼ਰਜ਼ ਹੈ।

ਗੁਰਬਾਣੀ ਦਾ ਵੀ ਸਾਨੂੰ ਇਹੀ ਫ਼ੁਰਮਾਨ ਹੈ : " ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥੧੨੭॥"

ਇਹਨਾਂ ਫ਼ੈਸ਼ਨਾਂ ਤੇ ਸੁੰਦਰਤਾ ਸਾਧਨਾਂ ਦੀ ਥਾਂ ਜੇ ਹਰ ਧੀ ਭੈਣ ਆਪਣੀ ਖਾਧ ਖੁਰਾਕ ਦਾ ਪੂਰਾ ਧਿਆਨ ਰੱਖੇ, ਗਿਆਨ ਦੀ ਸੁੰਦਰਤਾ ਨਾਲ ਲੈਸ ਹੋਵੇ ਤੇ ਲਾਜ਼ਮੀ ਤੌਰ 'ਤੇ ਗੱਤਕਾ/ ਜੁੱਡੋ ਕਰਾਟੇ ਸਿੱਖੇ ਤਾਂ ਬਲਾਤਕਾਰੀਆਂ ਤੇ ਹੋਰ ਬਦਮਾਸ਼ਾਂ ਦਾ ਆਪ ਹੀ ਨੱਕ ਭੰਨ ਸਕਦੀ ਹੈ। ਫਿਰ ਤੁਹਾਡੀ ਵਾਅ ਵੱਲ ਵੀ ਕੋਈ ਦੇਖ ਨਹੀਂ ਸਕਦਾ ! ਤੁਹਾਡੇ ਜੁੱਸੇ ਤਕੜੇ, ਬਲਸ਼ਾਲੀ ਹੋਣੇ ਜ਼ਰੂਰੀ ਹਨ ਤਾਂ ਹੀ ਤੁਸੀਂ ਆਪਣੀ ਰੱਖਿਆ ਆਪ ਕਰਨ ਦੇ ਸਮਰੱਥ ਹੋ ਸਕਦੀਆਂ ਹੋ !




## ਮਤਲਬੀ ਦੁਨੀਆਂ

ਮਤਲਬ ਦੀ ਇਸ ਨਗਰੀ ਦੇ ਵਿੱਚ, ਚਿਹਰੇ ਬੜੇ ਹੀ ਮਿਲਦੇ,
ਦਿਲ ਨੂੰ ਜੋ ਸਮਝਣ ਵਾਲੇ, ਬੜੇ ਹੀ ਥੋੜ੍ਹੇ ਨੇ ਮਿਲਦੇ।

ਵਰਤ ਕੇ ਸੁੱਟਣ ਦੀ ਆਦਤ, ਇਸ ਦੁਨੀਆ ਨੂੰ ਪੈ ਗਈ,
ਰਾਹਾਂ ਵਿੱਚ ਜੋ ਛੱਡ ਜਾਂਦੇ, ਉਹ ਰੂਹ ਦੇ ਕੋਹੜੇ ਨੇ ਮਿਲਦੇ।

ਮੂੰਹ 'ਤੇ ਮਿੱਠੀ ਚਾਸ਼ਨੀ ਹੈ, ਪਰ ਅੰਦਰ ਜ਼ਹਿਰ ਲੁਕਾਇਆ,
ਏਥੇ ਬਹੁਤੇ ਸੱਜਣ ਸਾਨੂੰ, ਦਿਲ ਦੇ ਖੋਟੇ ਨੇ ਮਿਲਦੇ।

ਕੋਈ ਸਾਦਾ ਲਿਬਾਸ ਪਹਿਨੇ, ਪਰ ਰੂਹ ਦਾ ਸੱਚਾ ਹੁੰਦਾ,
ਕਈ ਰੇਸ਼ਮ ਪਾ ਕੇ ਫਿਰਦੇ, ਪਰ ਬਹੁਤ ਹੀ ਛੋਟੇ ਨੇ ਮਿਲਦੇ।

ਪਰਖਣਾ ਬਹੁਤ ਔਖਾ ਹੈ, ਕਿ ਕੌਣ ਆਪਣਾ ਕੌਣ ਪਰਾਇਆ,
ਏਥੇ ਆਪਣੇ ਹੀ ਅਕਸਰ, ਪਿੱਠ 'ਤੇ ਗੋਡੇ ਧਰੇ ਨੇ ਮਿਲਦੇ।

ਦਿਖਾਵੇ ਦੀ ਇਸ ਦੁਨੀਆ ਵਿੱਚ, ਸੱਚੇ ਰਿਸ਼ਤੇ ਰੇਤ ਜਿਹੇ,
ਮੁੱਠੀ ਵਿੱਚੋਂ ਕਿਰ ਜਾਂਦੇ, ਬਸ ਖ਼ਾਲੀ ਕਾਸੇ ਨੇ ਮਿਲਦੇ।

ਹਰ ਚਮਕਦੀ ਚੀਜ਼ ਦੇ ਪਿੱਛੇ, ਸੋਨਾ ਹੋਣਾ ਲਾਜ਼ਮੀ ਨਹੀਂ,
ਧੋਖੇ ਦੀ ਇਸ ਮੰਡੀ ਵਿੱਚ, ਸਭ ਪਿੱਤਲ-ਲੋਹੇ ਨੇ ਮਿਲਦੇ।

ਜਦੋਂ ਮਤਲਬ ਨਿਕਲ ਜਾਵੇ, ਤਾਂ ਕੋਈ ਪਛਾਣਦਾ ਵੀ ਨਹੀਂ,
ਇਕੱਲਤਾ ਦੇ ਪੀੜ-ਪਰਾਹੁਣੇ, ਹਰ ਇੱਕ ਮੋੜ 'ਤੇ ਨੇ ਮਿਲਦੇ।

ਲੱਭ ਉਹ ਸਾਥੀ ਜੋ ਬਿਨ ਮਤਲਬ, ਤੇਰੇ ਨਾਲ ਖੜ੍ਹੇ ਰਹਿਣ,
ਅਜਿਹੇ ਹੀਰੇ ਜੀਵਨ ਵਿੱਚ, ਬੜੇ ਹੀ ਥੋੜ੍ਹੇ ਨੇ ਮਿਲਦੇ।

ਇਹ ਜੀਵਨ ਖੇਡ ਹੀ ਹੈ 'ਖਿੱਚੀ', ਬਸ ਸੱਚ ਦੀ ਪਰਖ ਕਰੀਂ,
ਬਾਕੀ ਸਭ ਵਕਤ ਗੁਜ਼ਾਰਨ ਵਾਲੇ ਬੰਦੇ ਨੇ ਮਿਲਦੇ।




## ਫ਼ੁਰਸਤ ਦੇ ਪਲ

ਜ਼ਿੰਦਗੀ ਦੀ ਹੈ ਸ਼ਾਮ ਹੋਈ,
ਕੁਦਰਤੀ ਨਜ਼ਾਰਿਆਂ ਨੂੰ ਮੈਂ ਨਿਹਾਰ ਰਿਹਾ ਹਾਂ।
ਦੂਰ ਕਿਸੇ ਵਾਦੀ ਦੀਆਂ ਖਾਮੋਸ਼ੀਆਂ ਸੁਣ ਰਿਹਾ ਹਾਂ।
ਤਿੱਤਲੀਆਂ ਦੀ ਸੱਜਰੀ ਪੈੜ ਨੂੰ ਮੈਂ ਪਿਆਰ ਰਿਹਾ ਹਾਂ।
ਸ਼ੈਦਾਈ ਭੰਵਰਿਆਂ ਨੂੰ ਮਸਤੀ 'ਚ ਮੰਡਰਾਉਂਦਿਆਂ ਤੱਕ ਰਿਹਾ ਹਾਂ।
ਕੁਦਰਤ ਦੇ ਕਾਦਰ ਨੂੰ ਸੱਜਦਾ ਕਰ ਰਿਹਾ ਹਾਂ।
ਓਫ਼ਕ ਤੋਂ ਲੈ ਲਾਲੀ ਥੋੜ੍ਹੀ ਜਿਹੀ ਹੁਦਾਰੀ।
ਮੇਰੇ ਹਮਸਫ਼ਰ ਤੇਰੀ ਮਾਂਗ ਮੈਂ ਭਰ ਰਿਹਾ ਹਾਂ।
ਵੇਖ ਵੇਖ ਰੰਗੀਨੀਆਂ ਦਾ ਇਹ ਖਿੜਿਆ ਚਮਨ।
ਦੋਵਾਂ ਜਹਾਨਾਂ ਦੀਆਂ ਮੈਂ ਖੁਸ਼ੀਆਂ ਮਾਣ ਰਿਹਾ ਹਾਂ।
ਮਹਿਕ ਤੇਰੇ ਹੁਸਨ ਦੀ ਐ ਜਾਨੇਮਨ
ਮੈਂ ਪਛਾਣ ਰਿਹਾ ਹਾਂ।
ਤੇਰੀ ਮੁਹੱਬਤ ਦੀ ਕੱਸਕ ਦਿਲ 'ਚ ਵਸਾ ਰਿਹਾਂ ਹਾਂ।
ਵਜਦ 'ਚ ਆ ਕੇ ਕਿਸੇ ਮੋਰ ਵਾਂਗ ਮੈਂ ਪੈਲਾਂ ਪਾ ਰਿਹਾ ਹਾਂ।
ਲਉ ਸੰਭਾਲੋ ਚਮਨ ਵਾਲੋ ਇਸ ਮਹਿਕਦੀ ਗੁਲਫ਼ਿਸ਼ਾਂ ਨੂੰ,
ਕਹੇ 'ਚੰਦੀ' ਮੈਂ ਆਪਣੇ ਦੇਸ ਫ਼ਿਰ ਵਾਪਸ ਜਾ ਰਿਹਾ ਹਾਂ।




## ਯੇਹ ਮਾਜਰਾ ਕਿਆ ਹੈ ?

ਆਪ ਕੋ ਦੇਖਨੇ ਸੇ , ਆਂਖੋਂ ਮੇਂ ਚਮਕ ਆਈ ਤੋ ਮੇਰੀ ਖਤਾ ਕਿਆ ਹੈ ?
ਆਪ ਦਿਲ ਕੋ ਅੱਛੇ ਇੰਸਾਂ ਲਗੇ, ਤੋ ਫਿਰ ਯੇਹ ਸਜ਼ਾ ਕਿਆ ਹੈ ?
ਦੂਰੀਆਂ ਹੋਤੇ ਹੂਏ ਵੀ ਨਜ਼ਦੀਕ ਮੁਸਕਰਾਤੇ ਨਜ਼ਰ ਆਤੇ ਹੋ,
ਖ਼ੁਦਾ ਖੈਰ ਕਰੇ, ਯਾ ਇਲਾਹੀ ਆਖਿਰ ਯੇਹ ਮਾਜਰਾ ਕਿਆ ਹੈ ?
ਕਭੀ 2 ਲਗਤਾ ਹੈ, ਲਫਜ਼ੋਂ ਕੇ ਕੋਈ ਮਾਇਨੇ ਨਹੀਂ ਹੋਤੇ ਹੈਂ,
ਗਜ਼ਲੇਂ-ਗੀਤ-ਨਗਮੇਂ ਅਕਸਰ ਹਕੀਕਤ ਸੇ ਦੂਰ ਹੋਤੇ ਹੈਂ ,
ਅਜੀਬੋ-ਗਰੀਬ ਦੁਨੀਆਂ ਲਗਤੀ ਹੈ ਅੱਲਫਾਜ਼ੋਂ ਕੀ ਰਚਨਾਓਂ ਕੀ ,
ਬੱਸ ਪੜ੍ਹਨੇ-ਸੁਨਣੇ ਵਾਲੇ ,ਕਭੀ ਕਰੀਬ ਔਰ ਕਭੀ ਰਕੀਬ ਹੋਤੇ ਹੈਂ।
ਮੁਜੇ ਆਪਨੇ ਸੇ ਔਰ ਆਪਨੀ ਰਚਨਾਉਂ ਸੇ ਇਸ਼ਕ ਹੈ ਦੋਸਤੋ,
ਮੇਰਾ ਤਖੱਈਅਲ ਬਹੁਤ ਸਮੇਂ ਸੇ ਮੇਰਾ ਜਨੂੰਨ ਹੈ ਦੋਸਤੋ,
ਹਰ ਇੰਸਾਂ ਅਪਣੇ ਆਪ ਪਰ ਗਰਭ ਕਿਉਂ ਨਾਂ ਕਰੇ ?
ਹਰ ਇੰਸਾਂ ਅੰਦਰ ਇਕ ਹੁਸਨ ਇਕ ਗਰੂਰ ਹੈ ਦੋਸਤੋ !




## ਭੁਲੇਖਾ

ਇਹ ਦੁਨੀਆ ਇੱਕ ਛਲਾਵਾ ਏ
ਕਿਤੇ ਧੁੱਪ ਤੇ ਕਿਧਰੇ ਛਾਂ ਸੱਜਣਾ।
ਕਿਉਂ ਮੇਰੀ ਮੇਰੀ ਕਰਦਾ ਏਂ,
ਐਥੇ ਤੇਰੀ ਕੋਈ ਨਾ ਥਾਂ ਸੱਜਣਾ।

ਜਦੋਂ ਚੰਗਾ ਕਿਧਰੇ ਹੋ ਜਾਵੇ
ਹੁੱਬ-ਹੁੱਬ ਕੇ ਆਖੇਂ ਮੈਂ ਕੀਤਾ।
ਕੀ ਵੱਖਰਾ ਜਗ ਤੇ ਕਰਿਆ ਏ,
ਇੱਕ ਕੰਮ ਤਾਂ ਦੱਸ ਜੋ ਤੈਂ ਕੀਤਾ।

ਸਭ ਆਪਣੇ ਆਪ ਲਈ ਕਰਦੇ ਨੇ,
ਕੋਈ ਕਿਸੇ ਲਈ ਕੁਝ ਨਾ ਕਰਦਾ ਏ।
ਉਂਝ ਫੋਕੀ ਵਾਹ-ਵਾਹ ਚਾਹੁੰਦਾ ਏਂ,
ਫਿਰ ਸੱਚ ਤੋਂ ਕਾਹਤੋਂ ਡਰਦਾ ਏਂ।

ਜਿਸ ਟਾਹਣੀ ਉੱਤੇ ਖਿੜ ਜਾਓ
ਉਹ ਟਾਹਣੀ ਕਦੇ ਵੀ ਤੋੜੋ ਨਾ।
ਸ਼ਰਮ , ਹਜ਼ਾ ਸਤਿਕਾਰ ਦੀ ਉਸਰੀ
ਕੰਧ ਕਦੇ ਵੀ ਤੋੜੋ ਨਾ।

ਖੌਰੇ ਕਿਹੜਾ ਭੁਲੇਖਾ ਤੈਨੂੰ ,
ਕਿੱਡਾ ਖੱਬੀ ਖਾਂ ਇਸ ਜਗ ਤੇ।
ਰਾਜਾ ਡਰਦਾ ਉਸ ਦਾਤੇ ਤੋਂ,
ਜਿਸਦਾ ਉੱਚਾ ਨਾਂ ਇਸ ਜਗ ਤੇ।




## ਮੇਰਾ ਪਿਤਾ



ਮੇਰਾ ਪਿਤਾ ..........!!
ਰਾਵੀ ਦੇ ਵਗਦੇ ਪਾਣੀ ਦੀ ਰੂਹ ਸੀ,
ਜਿਸ ਵਿੱਚ ਮੈਂ ਗੋਤੇ ਲਾ ,
ਯੁੱਗਾਂ ਦੀ ਪਿਆਸ ਮਿਟਾਈ,
ਉਸਦੇ ਸੰਗ,
ਮੈਂ ਹੁਣ ਤੱਕ ਵੀ ਪਿੰਡ ਦੀਆਂ ਗਲੀਆਂ ਵਿੱਚ ਘੁੰਮਦੇ,
ਨਿਆਣਿਆਂ ਜਿਹਾ ਚਾਅ ਕਰਦਾ,
ਮੈਂ ਲੋਚਦਾ ਸੀ ,
ਉਹ ਸੋਚਦਾ ਸੀ .....,
ਮੈਂ ਮੇਲੇ ਘੁੰਮਦਿਆਂ ਸਾਰੀਆਂ ਸ਼ੈਆਂ,
ਪੁੱਤਰ ਦੀ ਝੋਲੀ ਪਾਵਾਂ,
ਮੇਰਾ ਪਿਤਾ...........!!
ਕਦੇ ਥੱਕਿਆ ਨੀ,
ਅੱਕਿਆ ਨੀ ,
ਨਿਰੰਤਰ ਸਾਧਨਾ ਸੋਚ ਤੇ ਖੜ੍ਹਾ,
ਤਾੜਦਾ ਮੈਨੂੰ ,
ਬੰਦਾ ਬਣ,
ਮੇਰਾ ਪਿਤਾ...........!!
ਕਹਿੰਦਾ ਬੰਦਾ ਬਣ, ਬੰਦਾ ਬਣ,
ਮੈਂ ਦੇਖੀ ਦੁਨੀਆਂ ਬੜੀ ਔਤਰੀ ਆਂ,
ਤੂੰ ਸਿੱਧਾ , ਫਸ ਜਾਵੇਗਾ ,
ਸਿੱਧਾ ਚੱਲ,ਮੇਰੀ ਮੰਨ,
ਮੈਂ ਕਹਿੰਦਾ , ਬਾਪੂ ਮੈਂ ਦੇਖਦਾ...,
ਮੈਂ ਦੇਖਦਾ,
ਮੇਰਾ ਪਿਤਾ...........!!
ਹੁਣ ਮੈਂ ਦੇਖਦਾ ਖਾਲੀ ਕੁਰਸੀ ,
ਖਾਲੀ ਮੰਜਾ,
ਪੈਨ, ਕਿਤਾਬ ਤੇ ਡੰਡਾ,
ਡੰਡਾ...!..ਤੂੰ ਨੀ ਸੁਧਰਨਾ,
ਮੈਂ ਤੈਨੂੰ ਕਿੰਨ੍ਹਾ ਕਿਹਾ,
ਪੱਥਰਾਂ ਨੂੰ ਪਾਣੀ ਛੱਡ,
ਬੂਟਿਆਂ ਨੂੰ ਪਾ,
ਕਿਤਾਬ ਪੜ,
ਫਾਜ਼ਿਲ ਬਣ,
ਤੂੰ ਬਣ ਸਕਦਾ,
ਤੂੰ ਬੰਦਾ ਬਨਣ ਦੀ ਕੋਸ਼ਿਸ਼ ਕਰ,
ਮੈਂ ਕਿਹਾ ,
ਮੈਂ ਕਰਦਾ ਤੇ ਕਹਿੰਦਿਆਂ ਹੀ......!!
ਮੇਰੇ ਨਾਲ ਗੱਲਾਂ ਚ,
ਹੱਥਾਂ ਚ,
ਮੇਰਾ ਪਿਤਾ ..........,
ਤਾਰਾ ਬਣ ਗਿਆ,
ਮੈਂ ਰਾਤੀ ਦੇਖਿਆ ,
ਉਹੀ ਜਲੌਅ,
ਉਹੀ ਬੜ੍ਹਕ,
ਮੈਨੂੰ ਕਹਿੰਦਾ ,
ਬੰਦਾ ਬਣ, ਮੈਂ ਕਿਹਾ ਕੋਸ਼ਿਸ਼ ਕਰਦਾ,
ਮੈਂ ਕੀਤੀ,
ਬਾਪੂ ਮੈਂ ਬੰਦਾ ਬਣ ਗਿਆ,
.................,??
ਕੋਈ ਨਾ ਬੋਲਿਆ ,
ਮੈਂ ਸੋਚਦਾ ,
ਹੁਣ ਮੈਂ ਬੰਦਾ ਬਣ ਗਿਆ,
ਬੰਦਾ ਬਣ ਕਿਸ ਨੂੰ ਕਹਾਂ...!!
ਬੰਦਾ ਬਣ...!!
ਮੇਰਾ ਪਿਤਾ ...!!
ਮੇਰਾ ਪਿਤਾ ..!!








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



## ਲੀਡਰਾਂ ਰੰਗ ਬਦਲੇ

ਸਿਆਸਤ ਵਿੱਚ ਨੇ ਰੌਲੇ ਨਿਤ ਪੈਂਦੇ,
ਹੱਕ ਸੱਚ ਦੀ ਗੱਲ ਨਾ ਕਰੇ ਕੋਈ।

ਸੁਥਰਾ ਘੋਲ ਪਤਾਸੇ ਪੀ ਜਾਂਦਾ,
ਕੋਈ ਜੀਵੇ ਤੇ ਫਿਰ ਮਰੇ ਕੋਈ।

ਸਭ ਆਪਣੇ ਆਪ ਨੂੰ ਕਹਿਣ ਸੱਚੇ,
ਕੋਈ ਡੁੱਬੇ ਤੇ ਭਲਾ ਤਰੇ ਕੋਈ।

ਕੀ ਪਤਾ ਬਗਲਿਆਂ ਦੇ ਝੁੰਡ ਅੰਦਰ,
ਕਿੰਨੇ ਖੋਟੇ ਤੇ ਕਿੰਨੇ ਨੇ ਖਰੇ ਕੋਈ।

ਭੁੱਕੀ, ਪੈਸੇ, ਸ਼ਰਾਬ ਨੇ ਵੰਡ ਦਿੰਦੇ,
ਹੋ ਟੁਨ ਫੇਰ ਨਾ ਡਰੇ ਕੋਈ।

ਲੜ੍ਹਨੰ ਲੋਕ,ਆਪ ਇੱਕ ਮਿਕ ਰਹਿੰਦੇ,
ਕਰੇ ਕੋਈ ਤੇ ਫਿਰ ਭਰੇ ਕੋਈ।

ਨੋਟ, ਥੋਟ, ਸੋਟ, ਤੋਂ ਇਹ ਕੰਮ ਲੈਂਦੇ,
ਕੰਮ ਹੋਰ ਨਾ ਇਸ ਤੋਂ ਪਰੇ ਕੋਈ।

ਗਿਰਗਟ ਵਾਂਗ ਲੀਡਰਾਂ ਰੰਗ ਬਦਲੇ,
ਲਾਲ, ਨੀਲੇ ਤੇ 'ਪੱਤੋ' ਹਰੇ ਕੋਈ।




## ਗੱਪਾਂ ਚੋਂ ਗੱਪ

ਗੱਪਾਂ ਚੋਂ ਗੱਪ ਕਿਸ ਦੀ ਵੱਡੀ, ਤਹਿ ਜਨਤਾ ਨੇ ਕਰਨਾ ।
ਵੱਡੇ ਗੱਪੀ ਨੇ ਹੈ ਜਿੱਤ ਜਾਣਾ, ਤੇ ਛੋਟੇ ਨੇ ਹੈ ਹਰਨਾ ।।

ਗੱਪੀ ਦੀ ਗੱਪ ਹੈ ਸਿਰੇ ਦੀ , ਸਮਾਰਟ ਸਕੂਲਾਂ ਵਾਲੀ ।
ਦੂਜੇ ਗੱਪੀ ਦੀ ਗੱਪ ਸਿਰੇ ਦੀ, ਗੱਲੀਂ ਖਜ਼ਾਨਾਂ ਭਰਨਾ। ।

ਨੌਕਰੀਆਂ ਵੰਡੀਆਂ ਲੱਖਾਂ ਲੱਖਾਂ, ਗੱਪੀ ਨੇ ਗੱਪ ਮਾਰੀ ।
ਦੂਜੇ ਗੱਪੀ ਦੀ ਗੱਪ ਸਿਰੇ ਦੀ,ਬੱਸ ਪਾਣੀ ਵਿੱਚ ਤਰਨਾ ।।

ਸੜਕਾਂ ਉਤੇ ਟੋਲ ਪਲਾਜ਼ੇ, ਗੱਪ ਸਰਕਾਰੀ ਸੜਕਾਂ ।
ਜਨਤਾ ਦੀਆਂ ਜੇਬਾਂ ਤੋਂ ਚੱਲਣ, ਬੰਦ ਹੋ ਜਾਵਣ ਵਰਣਾਂ ।।

ਅਮਰੀਕਾ ਕਨੇਡਾ ਬਣੂ ਪੰਜਾਬ ਵੀ, ਗੱਪ ਗੱਪਾਂ ਚੋਂ ਭਾਰੀ ।
ਦੂਜੇ ਦੀ ਗੱਪ ਨਸ਼ਾ ਪੰਜਾਬ ਚੋਂ, ਖਤਮ ਗੱਪਾਂ ਨਾ ਕਰਨਾ ।।

ਪੰਜਾਬ ਦੇ ਲੋਕੋ ਤਾ ਰਾ ਰਾ ਰਾ, ਗੱਪਾਂ ਸੁਣੋ ਤੇ ਗਾਵੋ ।
ਜੇ ਨਾ ਸੁਣੀਆਂ ਤੁਸਾਂ ਨੇ ਗੱਪਾਂ, ਲੀਡਰ ਲਾਵਣਗੇ ਧਰਨਾ ।।

ਗੱਪਾਂ ਦੇ ਅਖਾੜੇ ਦੇ ਵਿੱਚ, ਰਾਜਨੀਤਕ ਭਲਵਾਨਾਂ
ਗੱਪਾਂ ਦੇ ਹੱਦ ਬੰਨ੍ਹੇ ਟੱਪੇ, ਹੱਸ ਹੱਸ ਪਈਆਂ ਧਰਨਾਂ ।।

ਵਾੜ ਖੇਤ ਨੂੰ ਖਾਣ ਹੈ ਲੱਗੀ, ਬੋਦਲਾਂ ਦੇ ਸੁੱਖਵਿੰਦਰਾ
ਨਵੇਂ ਅਜ਼ਮਾਏ ਛੱਡ ਪੁਰਾਣੇ, ਗੱਪਾਂ ਨਾਲ ਨਹੀਂ ਸਰਨਾ ।।

ਗੱਪਾਂ ਚੋਂ ਗੱਪ ਕਿਸ ਦੀ ਵੱਡੀ, ਤਹਿ ਜਨਤਾ ਨੇ ਕਰਨਾ ।
ਵੱਡੇ ਗੱਪੀ ਨੇ ਹੈ ਜਿੱਤ ਜਾਣਾ, ਤੇ ਛੋਟੇ ਨੇ ਹੈ ਹਰਨਾ ।।




## ਬੋਲਦੀਆਂ ਨੇ

ਫਟੀਆਂ ਚਾਹੇ ਪੁਰਾਣੀਆਂ ਵੀ
ਪਰ ਤਸਵੀਰਾਂ ਬੋਲਦੀਆਂ ਨੇ
ਅੱਖਾਂ ਤੇ ਪੱਟੀ ਤੇ ਹੱਥ ਤਰਾਜ਼ੂ
ਓਹ ਤਕਰੀਰਾਂ ਬੋਲਦੀਆਂ ਨੇ

ਸੀਸ ਨਿਵਾਣਾ ਸੁਭਾਅ ਮੇਰਾ
ਅਸੀਸ ਪਾਣਾ ਸ਼ੁਦਾਅ ਮੇਰਾ
ਜਦ ਹੋਵੇ ਹਲਾਕ ਆਬਰੂ ਤਾਂ
ਤੇਜ ਸ਼ਮਸ਼ੀਰਾਂ ਬੋਲਦੀਆਂ ਨੇ

ਪੱਤ ਹਰੇਕ ਦੀ ਪੱਤ ਈ ਹੁੰਦੀ
ਛੱਤ ਹਰੇਕ ਦੀ ਛੱਤ ਈ ਹੁੰਦੀ
ਗੁਰਬਤ ਸਾਂਭੇ ਹੁਸਨ ਜ਼ਿਸਮ
ਫਟੀਆਂ ਲੀਰਾਂ ਬੋਲਦੀਆਂ ਨੇ

ਚੰਦਨ ਕੇਹੇ ਵਣਜ ਕਮਾਏ ਤੂੰ
ਪੁਗਾਏ ਵਾਦੇ ਦਰਦ ਪਾਏ ਤੂੰ
ਸੁੱਕੇ ਫੁੱਲਾਂ ਨਾਲ ਫੋਟੋ ਧੁੰਦਲੀ
ਕੁਝ ਤਹਿਰੀਰਾਂ ਬੋਲਦੀਆਂ ਨੇ




## ਗ਼ਜ਼ਲ

ਪਲ ਪਲ ਤੇਰੀਆਂ ਯਾਦਾਂ ਦੇ ਮੈਂ ਸੀਨੇ ਵਿੱਚ ਛੁਪਾ ਕੇ ਰੱਖੇ।
ਬੀਤੇ ਦੇ ਖੰਡਰਾਤ ਸੀ ਜੋ ਮੈਂ ਸੱਜਣਾ ਖੂਬ ਸਜਾ ਕੇ ਰੱਖੇ।।

ਹਾਸੇ,ਰੋਣੇ, ਹਾਉਕੇ,ਹਾਵੇ, ਕੁੱਛ ਖੁਸ਼ਬੋਈਆਂ, ਕੁੱਛ ਤਨਹਾਈਆਂ,
ਇਸ਼ਕ ਤੇਰੇ ਦੇ ਇਹ ਖਜ਼ਾਨੇ, ਆਪਾਂ ਬੜੇ ਬਚਾ ਕੇ ਰੱਖੇ।।

ਵਕਤ ਬੇਸ਼ੱਕ ਦੀ ਕਿਹੋ ਜਿਹਾ ਸੀ, ਪਰ ਮੈਂ ਇਹ ਸ਼ਬਦਾਂ ਦੇ ਦੀਵੇ,
ਖ਼ੂਨ ਜਿਗਰ ਦਾ ਪਾ ਪਾ ਕੇ ਹਨ ਸੱਜਣਾ ਸਦਾ ਜਗਾ ਕੇ ਰੱਖੇ।।

ਵੇਖ ਗ਼ੈਰ ਦੀਆਂ ਗਹਿਰੀਆਂ ਚਾਲਾਂ,ਵੇਖ ਓਸ ਦੀਆਂ ਕਾਫ਼ਿਰ ਸੋਚਾਂ,
ਮਹਿਫ਼ਿਲ ਵਿੱਚ ਸਰਦਾਰੀ ਖਾਤਿਰ, ਲੋਕਾਂ ਤਾਈਂ ਲੜਾ ਕੇ ਰੱਖੇ।।

ਸਾਡੀਆਂ ਖੁਸ਼ੀਆਂ ਏਸੇ ਵਿੱਚ ਕਿ ਖੁਲ੍ਹੇ ਅੰਬਰੀਂ ਕਰਨ ਕਲੋਲਾਂ,
ਪਰ ਸੱਯਾਦ ਹੈ ਚਾਹੁੰਦਾ, ਹਰ ਇੱਕ ਪੰਛੀ ਪਿੰਜਰੇ ਪਾ ਕੇ ਰੱਖੇ।।

ਏਸ ਰੰਗੀਲੇ ਜੰਗਲ ਦੇ ਵਿੱਚ ਉਸਦਾ ਵੀ ਤਾਂ ਘਰ ਹੈ ਸੱਜਣਾ!
ਉਸ ਮੂਰਖ ਨੂੰ ਕਹੀਏ ਇਉਂ ਨਾ ਹਰ ਥਾਂ ਅਗਨ ਲਗਾ ਕੇ ਰੱਖੇ।।

ਇਹ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਮੈਨੂੰ ਰੋਜ਼ ਰੁਆ ਦਿੰਦੀਆਂ ਨੇ,
ਮੈਂ ਕੋਈ ਨੀਲ ਕੰਠ ਨਹੀਂ ਜਿਹੜਾ ਗਲ਼ ਵਿੱਚ ਜ਼ਹਿਰ ਟਿਕਾ ਕੇ ਰੱਖੇ।।

ਖੁਦਗਰਜ਼ੀ ਦੀ ਭੱਠੀ ਦੇ ਵਿੱਚ ਤਪਦੀ ਪਈ ਹੈ ਖਲਕਤ ਸਾਰੀ,
ਇਹ ਫੁੱਲਾਂ ਜਿਹਾ ਦਿਲ ਹੈ ਮੇਰਾ, ਕਦ ਤੱਕ ਖੈਰ ਮਨਾ ਕੇ ਰੱਖੇ।।

ਜਗਦੀਸ਼ ਭਾਈ! ਹੈ ਸੋਚ ਅਸਾਡੀ ਸਾਰਾ ਸ਼ਹਿਰ ਹੀ ਰੌਸ਼ਨ ਹੋਵੇ,
ਪਰ ਉਹ ਚੰਦਰੇ ਸੋਚ ਰਹੇ ਨੇ, ਹਰ ਕੋਈ ਦੀਪ ਬੁਝਾ ਕੇ ਰੱਖੇ।।




## ਚੁੱਪੀ

ਤੂੰ ਤੇ ਰਾਹ ਦੱਸਿਆ ਸੀ ਪਰ ਮੈਂ ਹੀ ਤੈਥੋਂ ਜੁਦਾ ਰਿਹਾ
ਮੈਂ ਆਪਣੀ ਮੈਂ 'ਚ ਸੀ ਤੇ ਤੂੰ ਵੀ ਬਣਿਆ ਖੁਦਾ ਰਿਹਾ

ਸੱਭ ਆਪਣਾ ਕਹਿ ਕੇ ਵਾਰ ਕਰਦੇ ਰਹੇ ਅੰਦਰੋ ਅੰਦਰੀ
ਦੁਸ਼ਮਣ ਨਾਲ਼ ਲੜਨ ਦਾ ਮਜ਼ਾ ਨਾ ਹੁਣ ਮਜ਼ਾ ਰਿਹਾ

ਮੁੱਦਤਾਂ ਤੋਂ ਬੰਦ ਚੁੱਪੀ ਤੋੜੀ ਤਾਂ ਬਦਨਾਮ ਹੋ ਗਏ
ਮੇਰੀ ਖਾਮੋਸ਼ੀ ਹੀ ਮੇਰੇ ਡਰ ਦੀ ਬਣਿਆ ਵਜ੍ਹਾ ਰਿਹਾ

ਉਹ ਜੋ ਕਰਕੇ ਕਤਲ ਵੀ ਸ਼ਰੇਆਮ ਘੁੰਮਦੇ ਰਹੇ
ਬਿਨਾਂ ਖਤਾ ਕੀਤੇ ਵੀ ਮੈਂ ਕੱਟਦਾ ਕੋਈ ਸਜ਼ਾ ਰਿਹਾ

ਸੱਚ ਦੇ ਰਾਹ ਤੇ ਤੁਰਿਆ ਤਾਂ ਕੰਡੇ ਹੀ ਮਿਲਦੇ ਰਹੇ
ਝੂਠ ਦਾ ਹਰ ਕਾਰਵਾਂ ਮੰਜ਼ਿਲਾਂ 'ਤੇ ਪਹੁੰਚਦਾ ਰਿਹਾ

ਵਕ਼ਤ ਨੇ ਹਰ ਮੋੜ ਉੱਤੇ ਨਵੇਂ ਹੀ ਸਬਕ ਸਿਖਾ ਦਿੱਤੇ
ਜਿਸ ਨੂੰ ਆਪਣਾ ਮੰਨ ਬੈਠੇ, ਉਹੀ ਸਭ ਤੋਂ ਬੇਵਫ਼ਾ ਰਿਹਾ

ਉਹ ਜੋ ਪਾਲ਼ੀ ਬੈਠਾ ਏ ਕੋਈ ਆਮ ਨਫਰਤ ਨਈਂ
'ਸਫ਼ਰੀ' ਅਜ਼ਲਾਂ ਤੋਂ ਕੀਤੀ ਮੁਹੱਬਤ ਦਾ ਕੋਈ ਨਤੀਜ਼ਾ ਰਿਹਾ




## ਮੇਰੇ ਖਾਬਾਂ ਦਾ ਜਹਾਨ

ਸਿਰ ਕੱਜਣ ਏ ਹਯਾ ਦਾ, ਪਰ ਦਿਮਾਗ਼ ਆਜ਼ਾਦ ਹੈ।
ਹਰ ਕੁਦਰਤ ਦੀ ਨਵੀਂ ਰਮਜ਼, ਮੇਰੀ ਸੋਚ ਨੂੰਯਾਦ ਹੈ।

ਮੈਂ ਪਰੰਪਰਾ ਵੀ ਸਾਂਭੀ, ਮੈਂ ਉਡਾਣ ਵੀ ਭਰੀ,
ਮੇਰੇ ਸੰਸਕਾਰਾਂ ਸਦਕਾ, ਮੇਰੀ ਹਸਤੀ ਆਬਾਦ ਹੈ।

ਬੰਦਿਸ਼ਾਂ ਵਿੱਚ ਰਹਿ ਕੇ ,ਮੈਂ ਅੰਬਰਾਂ ਨੂੰ ਛੂਹ ਲਿਆ,
ਮੇਰੇ ਖ਼ਾਬਾਂ ਦੇ ਜਹਾਨ ਅੰਦਰ , ਇਲਾਹੀ ਵਿਸਮਾਦ ਹੈ।

ਨਾ ਸਿਰ ਝੁਕੇ ਜ਼ਬਰ ਅੱਗੇ, ਸੋਚ ਵਿੱਚ ਅਗਾਜ਼ ਹੈ,
ਖ਼ੂਨ ਵਿੱਚ ਭਰੀ ਹਯਾ ਹੈ ਮੇਰੇ, ਨਾ ਕੀਤਾ ਇੱਜ਼ਤਾਂ ਨੂੰ ਬੇਦਾਦ ਹੈ।

ਮੈਂ ਹਾਂ ਅੱਜ ਦੀ ਉਹ ਨਾਰੀ, ਜੋ ਸੱਚਾਈ ਦੀ ਰਾਹ 'ਤੇ ਚੱਲੇ,
ਮੇਰੀ ਪਰਵਾਜ਼ ਦੇ ਅੱਗੇ, ਹਰ ਪਿੰਜਰਾ ਬਰਬਾਦ ਹੈ।

"ਨੀਰ" ਤੂੰ ਵੇਖ ਨਾਰੀ ਦੀ ਉੱਚੀ ਉਡਾਣ, ਅੱਜ ,
ਇਹੋ ਰਹਿਮਤਾਂ ਹੀ, ਓਸ ਖ਼ੁਦਾ ਦੀ ਸੱਚੀ ਇਜਾਦ ਹੈ।




## ਮਾਂਵਾਂ



ਬੱਚਿਆਂ ਨੂੰ ਬੁੱਕਲ ਵਿੱਚ ਲੈਕੇ ਜੋ ਸਾਰੇ ਦਰਦ ਮਿਟਾਉਂਦੀ ਹੈ।
ਮਾਂ ਤੋਂ ਵੱਡਾ ਕੋਈ ਨਾ ਉਹ ਤਾਂ ਰੱਬ ਦਾ ਰੂਪ ਕਹਾਉਂਦੀ ਹੈ।

ਗਿੱਲੀ ਥਾਂ ਖ਼ੁਦ ਪੈ ਜਾਂਦੀ ਪਰ ਸੁੱਕੇ ਥਾਂ ਪਾਵੇ ਬੱਚਿਆਂ ਨੂੰ,
ਮਿੱਠੀ ਲੋਰੀ ਗਾ ਗਾ ਕੇ ਮਾਤਾ ਗੂੜ੍ਹੀ ਨੀਂਦ ਸੁਲਾਉਂਦੀ ਹੈ।

ਬੋਹੜ ਦੇ ਰੁੱਖ ਵਾਂਗਰ ਸਭ ਨੂੰ ਠੰਡੀ ਇਹ ਗੂੜ੍ਹੀ ਛਾਂ ਦੇਵੇ ,
ਵਗਦੀਆਂ ਤੱਤੀਆਂ ਲੋਆਂ ਤੋਂ ਮਾਂ ਛਤਰੀ ਤਾਣ ਬਚਾਉਂਦੀ ਹੈ।

ਸਬਰ ਸਿਦਕ ਦੀ ਗੁੜ੍ਹਤੀ ਉਸ ਨੂੰ ਵਾਹਿਗੁਰੂ ਜੀ ਨੇ ਬਖਸ਼ੀ,
ਖੁਦ ਭੁੱਖੀ ਭਾਣੀ ਰਹਿ ਕੇ ਉਹ ਬੱਚਿਆਂ ਨੂੰ ਖੂਬ ਰਜਾਉਂਦੀ ਹੈ।

ਬੱਚਿਆਂ ਉੱਤੇ ਵਕਤ ਪਏ ਤੋਂ ਲੱਖ ਲੱਖ ਅਰਦਾਸਾਂ ਕਰਦੀ ਮਾਂ,
ਔਖੇ ਰਾਹਾਂ ਉੱਤੇ ਉਹਨਾਂ ਨੂੰ ਤੁਰਨਾ ਆਪ ਸਿਖਾਉਂਦੀ ਹੈ।

ਪੁੱਤਰਾਂ ਦੇ ਮਨ ਦੀ ਖੁਸ਼ਹਾਲੀ ਮਾਵਾਂ ਦੇ ਚਰਨਾਂ ਵਿੱਚ ਵਸਦੀ,
ਜਿੱਥੇ ਮਾਂ ਦੇ ਹਾਸੇ ਗੂੰਜਣ ਉਹ ਥਾਂ ਜੰਨਤ ਅਖਵਾਉਂਦੀ ਹੈ।

ਕਰਜ਼ ਕਲੇਰ ਚੁਕਾ ਨਾ ਸਕਦੇ ਸੌ ਜਨਮਾਂ ਵਿੱਚ ਵੀ ਮਾਵਾਂ ਦੇ,
ਇਸ ਦੁਨੀਆਂ ਵਿੱਚ ਮਾਂ ਦੀ ਪਦਵੀ ਪਹਿਲੇ ਨੰਬਰ ਤੇ ਆਉਂਦੀ ਹੈ।




## ਰੱਬਾ

ਰੱਬਾ ਮੈਨੂੰ ਕਿਉਂ ਤੜਫਾਉਂਦਾ ,
ਰੱਬਾ ਮੇਰਾ ਸਬਰ ਨਾ ਦੇਖ।
ਆਪਣਿਆਂ ਲਈ ਆਪਣੇ ਪੁੱਟਦੇ,
ਰੱਬਾ ਤੂੰ ਵੀ ਕਬਰ ਤਾਂ ਦੇਖ ।
ਜਾਲਮ ਅੰਨ੍ਹੇ ਵਾਹ ਜੋ ਕਰਦੇ ,
ਮਜ਼ਲੂਮਾਂ ਤੇ ਜਬਰ ਤਾਂ ਦੇਖ।
ਫਾਹਾ ਵੱਢਦਾ ਤੁਰਿਆ ਜਾਨੈ,
ਰੱਬਾ ਮੁੜ ਕੇ ਮਗਰ ਤਾਂ ਦੇਖ ।
ਅੱਖਾਂ ਮੀਚ ਕੇ ਕਿਉਂ ਬੈਠਾ ਏ,
ਰੱਬਾ ਮਾਰਕੇ ਨਜ਼ਰ ਤਾਂ ਦੇਖ।
ਉਸਨੂੰ ਕਿੰਨਾ ਚਾਹੁੰਦਾ ਹਾਂ ਮੈਂ,
ਦਿਲ ਦੀ ਹਰ ਇੱਕ ਸਦਰ ਤਾਂ ਦੇਖ।
ਯਾਰ ਤੂੰ ਬੇਸ਼ੱਕ ਕੋਲ ਲੈ ਗਿਓਂ,
ਪਿਆਰ ਅਸਾਡਾ ਅਮਰ ਤਾਂ ਦੇਖ।
ਰਾਜੇ ਕਿੰਨਾ ਕੱਟਣਾ ਔਖਾ ,
ਜ਼ਿੰਦਗੀ ਵਾਲ਼ਾ ਸਫ਼ਰ ਤਾਂ ਦੇਖ।




## ਗ਼ਜ਼ਲ

ਮਨ ਦੇ ਅੰਬਰੀਂ ਯਾਦਾਂ ਤਿਰੀਆਂ ਛਾਈਆਂ ਬਣ ਘਨਘੋਰ ਘਟਾਵਾਂ।
ਹਸਤੀ ਮੇਰੀ ਝੰਜੋੜ ਗਈਆਂ ਨੇ ਹਿਜਰ ਤੇਰੇ ਦੀਆਂ ਤੇਜ ਹਵਾਵਾਂ।।

ਉੱਪਰੋ ਜਿੰਦਗੀ ਸ਼ਾਂਤ ਹੈ ਦਿਸਦੀ ਅੰਦਰ ਪਰ ਤੂਫਾਨ ਬੜੇ ਨੇ,
ਨਾਲ ਹਨੇਰਿਆਂ ਲੜਨਾ ਵੀ ਹੈ ਰੂਹ ਦਾ ਕੀਕਣ ਦੀਪ ਬਚਾਵਾਂ।।

ਖੁਦਗਰਜ਼ੀ ਬੇਗਾਨਗੀ ਭਰਿਆ ਕੈਸਾ ਹੈ ਇਹ ਦੌਰ ਓ ਸੱਜਣਾ,
ਨੂੰਹਾਂ, ਪੁੱਤ ਖੁਸ਼ਹਾਲ ਬੜੇ ਪਰ ਬਿਰਧਘਰਾਂ ਵਿਚ ਬਾਪੂ- ਮਾਵਾਂ।।

ਕਈ ਮਰਲਿਆਂ ਦੀ ਕੋਠੀ ਦੇ ਵਿੱਚ ਮਾਂ ਪਿਓ ਲਈ ਇੱਕ ਕਮਰਾ ਨਹੀਂ ਹੈ,
ਪੁੱਤ ਦੇ ਲੇਖ ਛਪਣ ਅਖਬਾਰੀਂ ਮਾਪੇ ਹੁੰਦੇ ਠੰਡੀਆਂ ਛਾਵਾਂ।।

ਇਹ ਤੁਰਦੇ ਤਾਂ ਕਹਿਰ ਵਰਤਦੈ, ਇਹ ਬੋਲਣ ਤਾਂ ਜ਼ਹਿਰ ਵਰਤਦੈ,
ਦੇਸ਼ ਮੇਰੇ ਦੇ ਨੇਤਾ ਨੇ ਜਾਂ ਸੱਜਣਾ ਇਹ ਨੇ ਇੱਲ ਬਲਾਵਾਂ।

ਜਿਸ ਦਿਨ ਤੇਰੀ ਦੀਦ ਹੋ ਜਾਵੇ, ਮੇਰੀ ਸਮਝੋ ਈਦ ਹੋ ਜਾਵੇ,
ਸਦਾ ਸਲਾਮਤ ਰਹਿ ਤੂੰ ਸੱਜਣਾ ਹਰ ਸਾਹ ਤੇਰੀ ਖੈਰ ਮਨਾਵਾਂ।।

ਸ਼ਾਲਾ ਮੇਰੇ ਪਾਕ ਵਤਨ ਦਾ ਹਰ ਬੰਦਾ ਖੁਸ਼ਹਾਲ ਹੋ ਜਾਵੇ,
ਰੋਟੀ, ਕੱਪੜਾ ,ਘਰ ਤੇ ਇੱਜ਼ਤ, ਸੱਭ ਲਈ ਹੋਵਣ ਕਰੋ ਦੁਆਵਾਂ।।








**ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।**



"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"



E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212




# ਅਦਬੀ ਵਿਰਾਸਤ

**ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)**

## ਦੇਹ ਨੂੰ ਰੋਗ

ਦੇਹ ਨੂੰ ਰੋਗ ਗਿਆ ਹੈ ਚਰ।
ਘਰ ਨੂੰ ਚਰਿਆ ਚਾਰਾਗਰ।
ਵੇਖ ਲਵੇ ਜਦ ਖਾਲੀ ਘਰ।
ਬਿਰਧ ਲਵੇ ਝੱਟ ਅੱਖਾਂ ਭਰ।
ਮੱਕਾ ਮਥੁਰਾ ਅੰਮ੍ਰਿਤਸਰ।
ਦਰਬਾਨਾਂ ਨੂੰ ਦਿੰਦੇ ਵਰ।
ਐ ਇੰਦਰ !ਤੂੰ ਸੁੱਖ ਦਾ ਵਰ੍ਹ।
ਸਾਡੇ ਕੁੱਜੇ ਮੱਘੇ ਭਰ।
ਐ ਮਨ! ਡਰ ਨਾ ਧੀਰਜ ਕਰ ।
ਔਖੀ ਹੁੰਦੀ ਮੰਜ਼ਲ ਸਰ।
ਅੱਧ ਥਾਣੇ ਵਿਚ ਦਿੰਦੇ ਧਰ।
ਫਿਰ ਚੋਰਾਂ ਨੂੰ ਕਿਸ ਦਾ ਡਰ।
ਜੇ ਜਾਵੇ ਚੁੱਪ ਕੀਤੇ ਸਰ।
ਨਿੱਤ ਕਰਾਂ ਕਿਉਂ ਟਰ ਟਰ ਟਰ।




## ਜ਼ਮਾਨਾ ਬਦਲ ਗਿਆ

ਨਾ ਉਹ ਪਿਆਰ ਮੁਹੱਬਤ ਰਹਿ ਗਏ,
ਨਾ ਉਹ ਰਹੀਆਂ ਬਾਤਾਂ ।
ਨਾ ਲੱਭਣ ਚੋਆਂ ਦੀਆਂ ਛੱਲਾਂ,
ਨਾ ਹੀ ਉਹ ਬਰਸਾਤਾਂ ।
ਨਾ ਉਹ ਕਾਹੀ, ਬੂਝੇ, ਕਾਨੇ,
ਨਾ ਉਹ ਕੌੜ-ਕਰੇਲੇ,
ਨਾ ਉਹ ਛੰਬਾਂ ਰੱਕੜ ਖੁੰਬਾਂ,
ਨਾ ਉਹ ਰੱਬੀ ਦਾਤਾਂ ।
ਨਾ ਉਹ ਜੰਗਲ ਬੇਲੇ ਰਹਿ ਗਏ,
ਨਾ ਹਿਰਨਾਂ ਦੀਆਂ ਡਾਰਾਂ,
ਨਾ ਖੂਹਾਂ 'ਤੇ ਡੋਲ ਖੜਕਦੇ,
ਨਾ ਹੀ ਉਹ ਪਰਭਾਤਾਂ ।
ਨਾ ਹੁਣ ਚਰਖੇ ਘੂੰ-ਘੂੰ ਕਰਦੇ,
ਨਾ ਉਹ ਪੀਂਘ ਹੁਲਾਰੇ,
ਨਾ ਹੁਣ ਤੱਤੇ ਗੁੜ ਦੀਆਂ ਮਹਿਕਾਂ,
ਨਾ ਪਰੀਆਂ ਦੀਆਂ ਬਾਤਾਂ ।
ਨਾ ਹੁਣ ਤਾਰੇ ਗੱਲਾਂ ਕਰਦੇ,
ਚੰਦ ਨਾ ਝਾਤ ਬੁਲਾਵੇ,
ਨਾ ਉਹ ਗਿੱਧੇ, ਭੰਗੜੇ, ਤੀਆਂ,
ਨਾ ਉਹ ਦਿਸਣ ਬਰਾਤਾਂ ।
ਪਤਾ ਨਹੀਂ ਹੈ ਕੀ ਕੀ ਤੱਕਣਾ,
ਕਿਹੜੇ ਚੰਦ ਨੇ ਚੜ੍ਹਨੇ,
" ਸਹਿਜ " ਜ਼ਮਾਨਾ ਬਦਲ ਗਿਆ ਹੈ.
ਫਿੱਕੀਆਂ ਨੇ ਮੁਲਾਕਾਤਾਂ।




## ਕੁਝ ਕੁ ਕੰਮ ਦੀਆਂ ਗੱਲਾਂ

ਠੱਗੀਆਂ ਚੋਰੀਆਂ ਦਾ ਹੈ ਦੌਰ ਅੱਜ ਕੱਲ,
ਜਿਨਾਂ ਡਰੋਂਗੇ ਓਨਾ ਹੀ ਡੰਗ ਵੱਜਦੈ।
ਸਮਾਂ ਰਿਹਾ ਨਹੀਂ ਭੇਤ ਬਿਤਾਉਣ ਵਾਲਾ,
ਜਿਨਾਂ ਦੱਸੋਂਗੇ ਓਨਾ ਹੀ ਸੇਕ ਲੱਗਦੈ।
ਪਹਿਲੇ ਸਮਿਆਂ ਦੇ ਬੰਦੇ ਸਨ ਬਹੁਤ ਚੰਗੇ,
ਹੁਣ ਤਾਂ ਖੱਬੇ ਨੂੰ ਸੱਜਾ ਹੀ ਹੱਥ ਠੱਗਦੈ।
ਦੱਦਾਹੂਰ ਵਾਲਾ ਕਹੇ ਵੀਰੋ ਰਹੋ ਬਚਕੇ,
ਹਰ ਤੀਜੇ ਬੰਦੇ ਪਿੱਛੇ ਇੱਕ ਚੋਰ ਲੱਗਦੈ।
--
ਸਮਾਂ ਮਾੜਾ ਹੈ ਬਚਣ ਦੀ ਲੋੜ ਹੈ ਜੀ,
ਅੱਜਕਲ ਕਿਸੇ ਦਾ ਕੋਈ ਇਤਬਾਰ ਹੈਨੀ।
ਦਿਲ ਦੀ ਡੂੰਘਾਈ ਚੋਂ ਬਣਾਲੋ ਯਾਰ ਕਿੰਨੇ,
ਪਰ ਕ੍ਰਿਸ਼ਨ ਸੁਦਾਮੇ ਵਰਗਾ ਕੋਈ ਵੀ ਯਾਰ ਹੈਨੀ।
ਘਰ ਦਾ ਭੇਤ ਵੀ ਕਿਸੇ ਨੂੰ ਨਹੀਂ ਦੇਣਾ,
ਇਥੇ ਕੋਈ ਵੀ ਤੁਹਾਡਾ ਮਦਦਗਾਰ ਹੈਨੀ।
ਦੱਦਾਹੂਰੀਆ ਤੂੰ ਦਾਮਨ ਬਚਾ ਆਪਣਾ,
ਫਿਰ ਤੇਰੇ ਵਰਗਾ ਕੋਈ ਸਮਝਦਾਰ ਹੈਨੀ।
----
ਪਲ ਪਲ ਪਿੱਛੋਂ ਪਲ ਨੇ ਬਦਲ ਜਾਂਦੇ,
ਮਸਾਂ ਲੰਘਦੇ ਜੋ ਇਕਰਾਰ ਦੇ ਪਲ ।
ਸੱਜਣ ਨਾਲ ਹੋਵੇ ਜੀਹਨੂੰ ਪਰਖ਼ ਹੋਵੇ,
ਛੇਤੀ ਬੀਤਦੇ ਨੇ ਸੰਗ ਯਾਰ ਦੇ ਪਲ ।
ਮਿੰਟ ਘੜੀ ਜਿੱਡਾ ਘੜੀ ਯੁੱਗ ਜਿੱਡੀ,
ਔਖੇ ਬੀਤਦੇ ਨੇ ਇੰਤਜ਼ਾਰ ਦੇ ਪਲ।
ਚਾਰ ਦਿਨ ਦੀ ਜਿੱਤ ਦੇ ਬਾਅਦ ਸ਼ਰਮੇ
ਆਖਿਰ ਆ ਜਾਂਦੇ ਫਿਰ ਹਾਰ ਦੇ ਪਲ।

ਵੱਡੀ ਰਿਸ਼ਵਤ ਖੋਰੀ ਤੇ ਭਰਿਸ਼ਟਾਚਾਰੀ ਆਖੇ,
ਮੈਨੂੰ ਕੱਢੋ ਖਾਂ ਭਲਾ ਪੰਜਾਬ ਵਿੱਚੋਂ?
ਸੱਭ ਛੋਟੇ ਵੱਡੇ ਦਫਤਰੀਂ ਮੈਂ ਵੜਗੀ,
ਹੁਣ ਨਾ ਨਿਕਲੂੰ ਕਦੇ ਖੁਆਬ ਵਿੱਚੋਂ।
ਜਿਹੜੇ ਸੂਬੇ ਵਿੱਚ ਮੈਂ ਵੜ ਜਾਂ ਉਥੇ ਇਮਾਨਦਾਰੀ?
ਵਰਕਾ ਪਾੜ ਦਿਓ ਇਹ ਕਿਤਾਬ ਵਿੱਚੋਂ।
ਧਾਰੀ ਮੈਂ ਕਿ ਪੰਜਾਬ ਸੂਬਾ ਕੰਗਾਲ ਕਰਨਾ,
ਸ਼ਰਮੇ ਪਾਸ ਹੋਣ ਨਹੀਂ ਦੇਣਾ ਹਿਸਾਬ ਵਿੱਚੋਂ।
------
ਆਪਾਂ ਸਾਰੇ ਪੰਜਾਬੀ ਅਤੇ ਪੰਜਾਬ ਵਾਸੀ,
ਫਿਰ ਵੀ ਪੰਜਾਬੀ ਅਖਵਾਉਣ ਤੋਂ ਡਰੀ ਜਾਂਦੇ।
ਗੋਰੇ ਆਏ ਤੇ ਭਜਾਏ ਪੰਜਾਬੀ ਪਰਵਾਨਿਆਂ ਨੇ,
ਸ਼ਾਨੀ ਅੱਜ ਵੀ ਓਨਾਂ ਦੀ ਭਰੀ ਜਾਂਦੇ।
ਲਿਖੀਏ ਪੜੀਏ ਤੇ ਬੋਲੀਏ ਪੰਜਾਬੀ ਸਾਰੇ,
ਲਿਖ ਲਿਖ ਇਹ ਕੰਧਾਂ ਹਾਂ ਭਰੀ ਜਾਂਦੇ।
ਸ਼ਰਮੇ ਬਹੁਤੇ ਦਫਤਰੀਂ ਬੈਠੇ ਅੰਗਰੇਜ ਪੁੱਤਰ,
ਦਸਤਖਤ ਫਿਰ ਵੀ ਅੰਗਰੇਜ਼ੀ ਵਿੱਚ ਹੀ ਕਰੀ ਜਾਂਦੇ?




## ਜਿੰਦਗੀ ਦੀ ਅਸਲੀਅਤ

ਇਹ ਦੁਨੀਆਂ ਮੇਲਾ ਚਾਰ ਦਿਨਾਂ,
ਅਸਾਂ ਮੇਲੀ ਬਣ ਕੇ ਤੁਰ ਜਾਣਾ।
ਇੱਕ ਵਾਰ ਮਿਲੀ ਹੈ ਇਹ ਜਿੰਦਗੀ
ਅਸਾਂ ਵਾਂਗ .ਖਾਕ ਬਣ ਰੁੜ੍ਹ ਜਾਣਾ।
ਮੇਰੀ ਮੇਰੀ ਹਰ ਕੋਈ ਕਰਦਾ ਏ
ਨਾ ਧੰਨ ਮੇਰਾ ਨਾ ਤਨ ਮੇਰਾ
ਜਦ ਡੋਰ ਸਾਹਾਂ ਦੀ ਰੁੱਕਣੀ ਏ,
ਓਦੋਂ ਸਾਂਝ ਜੱਗ ਤੋਂ ਮੁੱਕਣੀ ਏ
ਜਿਨ੍ਹਾਂ ਬਿਨਾਂ ਨਾ ਬਚਦਾ ਇੱਕ ਪਲ਼
ਉਨ੍ਹਾਂ ਚਿਖਾ ਜਲਾ ਛੱਡ ਤੁਰ ਆਉਣਾ।
ਇਹ ਦੁਨੀਆਂ.....
ਇਸ ਦੁਨੀਆਂ ਦੇ ਅਜ਼ਬ ਤਮਾਸ਼ੇ ਨੇ,
ਮੁਸੀਬਤ ਪੈਣ ਤੇ' ਵੱਟਦੇ ਪਾਸੇ ਨੇ।
ਏਥੇ ਹੋਣ ਸਲਾਮਾਂ ਚੜ੍ਹਦੇ ਨੂੰ,
ਡੁੱਬਦਾ ਵੇਖ ਕੇ ਪਿੱਠ ' ਤੇ ਹੱਸਦੇ ਨੇ।
ਗੱਲ ਸੱਚ ਗੁਰਬਾਣੀ ਆਖੀ ਏ
ਏਥੇ ਕੋਈ ਨਾ ਸੰਗੀ -ਸਾਥੀ ਏ
ਸਭ ਰਬ ਦੀ ਰਜ਼ਾ ਨਾਲ ਹੋਣਾ ਏ
ਨਾ ਰੱਬ ਦੀ ਹੋਂਦ ਭੁਲਾ ਜਾਣਾ।
ਇਹ ਦੁਨੀਆਂ...
ਇਸ ਜੱਗ ਦੀ ਖੇਡ ਨਿਰਾਲੀ ਏ।
ਏਥੇ ਕੋਈ ਨਾ ਕਿਸੇ ਦਾ ਵਾਲ਼ੀ ਏ।
ਇਹ ਦੁਨੀਆਂ ਹੈ ਇੱਕ ਸਪਨੇ ਵਾਂਗ
ਅੱਖ ਝਪਕਦੇ ਸਭ ਕੁਝ ਮੁੱਕ ਜਾਣਾ।
ਕਿਉਂ ਜਾਣ ਕੇ ਵੀ ਅਣਜਾਣ ਬਣੇ,
ਅੰਧਵਿਸ਼ਵਾਸ ਚਪੈ ਨੁਕਸਾਨ ਕਰੇਂ।

ਜੋ ਰੱਬ ਨੇ ਕਰਨਾ ਹੋਣਾ ਏ
ਓਨੇ ਹੱਥ ਦੇ ਆ ਬਚਾ ਜਾਣਾ।
ਇਹ ਦੁਨੀਆਂ....
ਇੱਕ ਦਿਨ ਐਸਾ ਆਉਣਾ ਏ
ਜਦ ਮੌਤ ਨੇ ਤੈਂਨੂੰ ਵਿਆਹੁਣਾ ਏ
ਤੈਨੂੰ ਪਤਾ ਨੀਂ ਲੱਗਣਾ ਸਾਹਾਂ ਦਾ,
ਕਿਸੇ ਪਖੰਡੀ ਨਾ ਆ ਬਚਾਉਣਾ ਏ।
ਉਦੋਂ ਰੱਬ ਸਹਾਈ ਹੋਣਾ ਏ
ਕੋਈ ਭੈਣ ਨਾ ਭਾਈ ਹੋਣਾ ਏ।
ਜੋ ਮੰਗਦੇ ਸਭ ਕੁਝ ਦੇਂਦਾ ਏ
'ਪ੍ਰੀਤ 'ਰੱਬ ਦਾ ਨਾਮ ਧਿਆ ਜਾਣਾ।
ਇਹ ਦੁਨੀਆਂ ਮੇਲਾ ਚਾਰ ਦਿਨਾਂ
ਅਸਾਂ ਮੇਲੀ ਬਣ ਕੇ ਤੁਰ ਜਾਣਾ।




## "ਚੰਗਾ ਲੇਖਕ "

ਕਵੀ ਕਵਿਤਾਵਾਂ ਲਿਖਣ ਲਈ, ਜਦੋਂ ਕਲਮ ਚਲਾਉਂਦੇ ਨੇ
ਗਾਉਣਾ ਆਉਂਦਾ ਜਾਂ ਨਹੀਂ ਆਉਂਦਾ, ਉੱਚੀ -ਉੱਚੀ ਹੇਕਾਂ ਲਾਉਂਦੇ ਨੇ
ਲੈਅ ਵਿੱਚ ਗੀਤ ਲਿਆਉਣ ਲਈ,ਇਹ ਕੰਮ ਕਰਨੇ ਪੈਂਦੇ ਆ
ਇੱਕ ਚੰਗਾ ਲੇਖਕ ਬਣਨ ਲਈ, ਬੜੇ ਦੁੱਖ ਸਹਿਣੇ ਪੈਂਦੇ ਆ -------------
ਕਵੀ ਲਿੱਖਦੇ ਬੜਾ ਮਿਆਰੀ, ਉਜਾਗਰ ਕਰਨ ਪ੍ਰੀਤਾਂ ਨੂੰ
ਕਈ ਮਾਲਾ ਵਿੱਚ ਪਰੋਂਦੇ ਨੇ, ਉਦਾਸੀ ਵਾਲੇ ਗੀਤਾਂ ਨੂੰ
ਕੁਝ ਏ.ਆਈ ਨਾਲ ਯੂਟਿਊਬ ਤੇ ਛਾਏ ਰਹਿੰਦੇ ਆ
ਇੱਕ ਚੰਗਾ ਲੇਖਕ ਬਣਨ ਲਈ, ਬੜੇ ਦੁੱਖ ਸਹਿਣੇ ਪੈਂਦੇ ਆ -------------
ਕਲਾਕਾਰਾਂ ਤੇ ਕੰਪਨੀਆਂ ਦੇ, ਕਵੀ ਚੱਕਰ ਕੱਢਦੇ ਨੇ
ਉਹ ਸਬਜ਼ਬਾਗ ਵਿਖਾਕੇ
ਮੂਰਗੇ ਵਾਂਗੂੰ ਵੱਢਦੇ ਨੇ
ਖਾਣ ਲਈ ਮਿੱਠਾ ਸ਼ਹਿਦ
ਡੂਮਣੇ ਚੋਣੇ ਪੈਂਦੇ ਆ
ਇੱਕ ਚੰਗਾ ਲੇਖਕ ਬਣਨ ਲਈ,ਬੜੇ ਦੁੱਖ ਸਹਿਣੇ ਪੈਂਦੇ ਆ -------------
'ਜੱਗਾ'ਝੂਠ ਕਦੇ ਨਹੀਂ ਲਿੱਖਦਾ,ਇਹ ਗੱਲਾਂ ਸੱਭ ਤੇ ਬੀਤਦੀਆਂ
ਸਾਡੀ ਵੀ ਹੋਉ ਕਦੇ ਤਰੱਕੀ, ਅੱਖੀਆਂ ਸਦਾ ਉਡੀਕਦੀਆਂ
ਸ਼ਾਮ 84 ਵਾਲੇ ਵਾਂਗੂੰ,ਸਾਰੀ ਜ਼ਿੰਦਗੀ ਲਿੱਖਦੇ ਰਹਿੰਦੇ ਆ
ਇੱਕ ਚੰਗਾ ਲੇਖਕ ਬਣਨ ਲਈ, ਬੜੇ ਦੁੱਖ ਸਹਿਣੇ ਪੈਂਦੇ ਆ -------------




## ਅਨਮੋਲ ਖ਼ਜ਼ਾਨਾ

ਸਾਂਵੀ ਪੱਧਰੀ ਜ਼ਿੰਦਗੀ ਜਿਊਣਾ ਅਨਮੋਲ ਖ਼ਜ਼ਾਨਾ ਹੁੰਦਾ ਸੀ।

ਹੱਥੀਂ ਕਿਰਤ ਕਮਾਈ ਕਰਨਾ ਉਹ ਭਲਾ ਜ਼ਮਾਨਾ ਹੁੰਦਾ ਸੀ।

ਤੜਕਸਾਰ ਹਲ ਜੋੜਨੇ ਲੰਮੀਆਂ ਸੈਰਾਂ ਕਰਦੇ ਰਹਿਣ ਕਿਸਾਨ,

ਵਾਹ ਕੇ ਜ਼ਮੀਨ ਸੁਹਾਗੇ ਮਾਰਨੇ ਅਣਥੱਕ ਨਿਸ਼ਾਨਾ ਹੁੰਦਾ ਸੀ।

ਜਦ ਭੱਤਾ ਚੁੱਕ ਸੁਆਣੀ ਜਾਂਦੀ ਖੇਤਾਂ ਵਿੱਚ ਹਰਿਆਲੀ ਹੋ ਜਾਵੇ,

ਖੇਤਾਂ ਦੇ ਵਿੱਚ ਗੱਭਰੂ ਗਾਉਂਦੇ ਤਾਂ ਯਮਲੇ ਦਾ ਤਰਾਨਾ ਹੁੰਦਾ ਸੀ।

ਸੰਝ ਸਵੇਰੇ ਖੇਤਾਂ ਦੇ ਵਿੱਚ ਮੇਲੇ ਵਰਗੀ ਰੌਣਕ ਰਹਿੰਦੀ ਹੁੰਦੀ ਸੀ,

ਵੰਨ ਸੁਵੰਨੀਆਂ ਫ਼ਸਲਾਂ ਦਾ ਰੰਗ ਬੜਾ ਮਸਤਾਨਾ ਹੁੰਦਾ ਸੀ।




## ਠੋਕਰ

ਮੁਹੱਬਤ ਨੂੰ ਮਾਰੀ ਠੋਕਰ ਨਫ਼ਰਤ ਨੂੰ ਅਪਣਾਇਆ।
ਸਵਰਗ ਸੀ ਜੀਵਨ ਖੁਦ ਹੀ ਔਖੇ ਪਾਸੇ ਲਾਇਆ।।

ਸੁਣ ਇਹ ਹਸਤੀ ਹੈ ਦੋ ਪਲ ਦੀ ਨਾ ਕਰ ਮਾਣ।
ਛਿੰਨ ਮਾਤਰ ਡੋਰੀ ਸਾਹਾਂ ਦੀ ਸਭ ਨੇ ਸਮਝਾਇਆ।।

ਪਹਿਰਾਵਾ ਮੁੱਖ ਨਾ ਰੱਖਿਆ ਕਰ ਹੈ ਮੁੱਖ ਆਦਮੀ।
ਵੱਖ ਵੱਖ ਚਿੰਨ ਵੱਖ ਵੱਖ ਰੰਗ ਨੇ ਲੋਕਾਂ ਨੂੰ ਲੜਵਾਇਆ।।

ਨਾ ਹੱਸਿਆ ਨਾ ਸਮਝੇ ਹਾਸੇ ਗੱਲ ਕਰਦਾ ਚੁੱਭਦੀ ਸਦਾ।
ਜਾ ਕੇ ਹਰ ਥਾਂ ਤੇ ਅੱਗ ਫੁੱਟ ਵਾਲੀ ਨੂੰ ਭੜਕਾਇਆ।।

ਤੋੜੀ ਉਸ ਨੇ ਮਰਿਆਦਾ ਮਨ ਤੇ ਕੀਤਾ ਜ਼ਖ਼ਮ ਸੀ।
ਬਣ ਕੇ ਮੇਰਾ ਬੇਲੀ ਮੇਰੀ ਚੁੱਪ ਨੂੰ ਅਜ਼ਮਾਇਆ।।

ਉਸ ਹੱਥ ਤਾਕਤ ,ਕੋਈ ਨਾ ਕੋਈ ਸ਼ੋਸ਼ਾ ਛੱਡ ਦਿੰਦਾ।
ਬਹਿ ਕੇ ਕੁਰਸੀ ਤੇ ਉਸਨੇ ਜਨਤਾ ਨੂੰ ਤੜਫਾਇਆ।।




## ਵਤਨ ਆਪਣੇ ਨੂੰ ਛੱਡਣਾ

ਮੁੱਦਤਾਂ ਤੋਂ ਬਾਅਦ ਜਦੋਂ ਹਾਏ ਪਿੰਡ ਮੈਂ ਗਿਆ ਸੀ ।
ਡੌਰ ਭੌਰਾ ਦੇਖਾਂ ਜਿਵੇਂ ਬੇਗਾਨੀ ਥਾਂ ਮੈਂ ਗਿਆ ਸੀ ।

ਗਲ਼ੀਆਂ ਤਾਂ ਓਹੀ ਮੈਂ ਬਸ ਡੱਕੇ ਡੋਲੇ ਖਾਂਦਾ ਰਿਹਾ ,
ਗੇਟ ਕੋਲ ਗਿਆ ਤਾਂ ਓਹ ਆਪੇ ਖੁੱਲ ਗਿਆ ਸੀ ।

ਆਵਾਜ਼ ਮਾਂ ਨੂੰ ਮਾਰੀ ਕੋਈ ਅੰਦਰੋਂ ਨਾ ਬੋਲਿਆ ,
ਹਾਏ ਪਿਓ ਮੈਨੂੰ ਲੱਗਾ ਜਿਵੇਂ ਮੰਜੇ ਤੇ ਪਿਆ ਸੀ ।

ਪੈਰ ਜਦੋਂ ਪਾਇਆ ਘਰ ਵੇਹੜਾ ਰੋਣ ਲੱਗਿਆ ,
ਬੂਟਾ ਜਿਹੜਾ ਸੁਕਿਆ ਹਾਏ ਓਹਵੀ ਰੋ ਪਿਆ ਸੀ ।

ਆਪਣੇ ਮੈਂ ਕਮਰੇ ਚ ਪੈਰ ਜਦੋਂ ਪਾਉਂਣ ਲੱਗਾ ,
ਦਰਵਾਜਾ ਮੈਨੂੰ ਫੜ ਪੁੱਛੇ ਤੂੰ ਕਿਥੇ ਤੁਰ ਗਿਆ ਸੀ ।

ਗੀਤਾਂ ਵਾਲੀ ਟੇਪ ਮੈਨੂੰ ਹਾਏ ਦੇਖ ਰੋਣ ਲੱਗ ਪਈ ,
ਤੈਨੂੰ ਮੈਂ ਰੁਆਇਆ ਤਾਹੀਓਂ ਮੈਨੂੰ ਛੱਡ ਗਿਆ ਸੀ ।

ਕੁੰਡੀ ਜਦੋਂ ਖੋਲੀ ਹਾਏ ਮੈਂ ਆਪਣੀ ਅਲਮਾਰੀ ਦੀ ,
ਦੇਖ ਕਾਪੀਆਂ ਕਿਤਾਬਾਂ ਪੈਨ ਹੌਂਕਾ ਲੰਬਾ ਲਿਆ ਸੀ ।

ਮਾਂ ਦਾ ਚੌਂਕਾ ਚੁੱਲ੍ਹਾ ਮੈਨੂੰ ਹਾਏ ਸੈਨਤਾਂ ਸੀ ਮਾਰਦਾ ,
ਜਾਲ਼ੇ ਅਤੇ ਮਿੱਟੀ ਨਾ ਜੋ ਪੂਰਾ ਭਰਿਆ ਪਿਆ ਸੀ ।

ਮੱਝਾਂ ਅਤੇ ਬਲਦ ਨਹੀਂ ਸੀ ਸੁੰਨੀ ਪਈ ਸੀ ਖੁਰਲੀ ,
ਜਦੋਂ ਹਵੇਲੀ ਵੱਲ ਤੱਕਿਆ ਤਾਂ ਦਿਲ ਰੋ ਪਿਆ ਸੀ ।

ਵਤਨ ਆਪਣੇ ਨੂੰ ਛੱਡਣਾ ਕਿਹੜਾ ਸੌਖਾ ਹੈ ਲੋਕੋ ,
ਓ ਦੀਪ ਝਿੰਗੜਾਂ ਵਾਲ਼ਾ ਪਿੰਡੋਂ ਉੱਜੜ ਕੇ ਗਿਆ ਸੀ ।




## ਫਰਕ

ਧੀਆਂ ਵਾਲਿਓ ਨੂੰਹਾਂ ਦੀ ਕਦਰ ਜਾਣੋ,
ਦੋਨਾਂ ਵਿੱਚ ਨਾ ਕੋਈ ਵੀ ਫਰਕ ਲੋਕੋ।

ਨੂੰਹ ਇੱਕ ਦੀ ਦੂਜੇ ਦੀ ਧੀਅ ਹੁੰਦੀ,
ਇੱਕ ਮਜ਼ਮੂਨ ਦੇ ਦੋਨੋਂ ਹਰਫ਼ ਲੋਕੋ।

ਸੜੇ ਦਿਲ ਨਾ ਕਿਸੇ ਦੀ ਧੀਆਂ ਸਾੜੋ,
ਨੂੰਹ ਆਪਣੀ 'ਤੇ ਕਰੋ ਤਰਸ ਲੋਕੋ।

ਬੈਠ ਕਿ ਮਸਲਾ ਮਿਲ ਬੈਠ ਕਿ ਮਸਲਾ ਹੱਲ ਕਰ ਲਓ,
ਇੱਕ ਦੂਜੇ 'ਤੇ ਕਰੋ ਨਾ ਤਰਕ ਲੋਕੋ।

ਧੀਆਂ ਨੂੰਹਾਂ ਇੱਕ ਸਮਾਨ ਜਾਣੋ,
ਪਾੜਾ ਪਾਓ ਨਾ ਫਰਸ਼ ਤੋਂ ਅਰਸ਼ ਲੋਕੋ।

ਗੱਲਾਂ ਕਹੇ 'ਮਹਿਬੂਬ ਜੰਡੌਰ ਵਾਲਾ',
ਐਵੇਂ ਜੀਵਨ ਬਣਾਓ ਨਾ ਨਰਕ ਲੋਕੋ।







**ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।**

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)


## ਦੋਹੇ

ਸੁਣ ਨੀਂ ਮਾਏਂ ਭੋਲ਼ੀਏ ਮਨ ਲਾ ਕੇ ਬੰਨ੍ਹ ਲੈ ਧੀਰ ਨੀਂ
ਮੇਰੀ ਰੱਖੜੀ ਸੱਖਣੀਂ ਹੋ ਗਈ ਭੇਂਟ ਚੜ੍ਹੇ ਨਸ਼ਿਆਂ ਦੇ ਵੀਰ ਨੀਂ
ਹਾਏ ! ਨੀ ਮਾਏਂ ਡਾਹਢੀਏ ।

ਰਾਜਿਆ ਵੇ ਰਾਜ ਕਰੇਂਦਿਆਂ ਉੱਜੜ ਗਏ ਤੇਰੇ ਬਾਗ਼ ਵੇ
ਜਵਾਨੀ ਰੁੜ੍ਹ ਪੁੜ੍ਹ ਖੁਰ ਚੱਲੀ, ਕਦੇ ਅੱਖਾਂ ਪੱਟ ਕੇ ਝਾਕ ਵੇ
ਰਾਜਿਆ ! ਵੇ ਰਾਜ ਕਰੇਂਦਿਆਂ ।

ਚੁੰਨੀਆਂ ਚਿੱਟੀਆਂ ਹੋਗੀਆਂ ਬੰਦ ਹੋਏ ਖੁਸ਼ੀਆਂ ਦੇ ਗੇਟ ਵੇ
ਨਿੱਤ ਲੀਡਰ ਦਿੰਦੇ ਹੌਂਸਲੇ ਪੈਟਰੋਲ ਘਟਣ ਦੇ ਰੇਟ ਵੇ
ਹਾਏ ! ਹਾਏ! ਵੇ ਧਰਮੀਂ ਰਾਜਿਆ।

ਧੀਆਂ ਵੀ ਜੰਮ ਪੈਣੀਆਂ ਜੇ ਬਚਾ ਲਵਾਂਗੇ ਕੁੱਖ ਵੇ
ਪੰਛੀ ਪਾਉਣਗੇ ਆਲ੍ਹਣੇ ਜੇ ਨਵੇਂ ਲਾਵਾਂਗੇ ਰੁੱਖ ਵੇ
ਸੁਣ ਲਓ ਵੇ ਦੇਸ਼ ਦੇ ਰਾਖਿਓ।

ਹੱਦਾਂ ਸਰਹੱਦਾਂ ਮਿਟਾ ਦਿਓ,ਬੰਬ ਬਾਰੀ ਕਰ ਦਿਓ ਬੰਦ ਵੇ
ਮੂੰਹ ਤੋਪਾਂ ਦੇ ਬੰਦ ਕਰ ਦਿਓ,ਨਾਲੇ ਚੱਕੋ ਕੰਡਿਆਲੀ ਕੰਧ ਵੇ
ਸੁਣ ਲਓ ਵੇ ਭਾਰਤ - ਪਾਕਿਓ।

ਮਹਿੰਗਾਈ ਤਾਬੜਤੋੜ ਹੋਈ, ਕੀਤਾ ਮੁਫ਼ਤ ਸਹੂਲਤਾਂ ਲਾਚਾਰ ਵੇ
ਸਾਨੂੰ ਲਾਲਚ ਦੇਣਾ ਛੱਡ ਦਿਓ, ਕੋਈ ਦਿਓ ਪੱਕਾ ਰੁਜ਼ਗਾਰ ਵੇ
ਕੰਨ ਕਰਿਓ ਵੇ ਸਾਡੇ ਹਾਕਮੋਂ।

ਅੰਨ੍ਹੀ ਪੀਂਹਦੀ ਕੁੱਤਾ ਚੱਟ ਜੇ,ਸਭ ਹੋਏ ਆਪ ਮੁਹਾਰ ਵੇ
ਸਾਨੂੰ ਵੋਟ ਰਾਜ ਨੇ ਖਾ ਲਿਆ, ਸਾਡੇ ਰਾਹਾਂ 'ਚ ਆਏ ਨਿਘਾਰ ਵੇ
ਸੁਣ ਲਓ ਵੇ ਗੂੰਗੇ - ਬੋਲ਼ਿਓ।

ਸਾਰਾ ਜੱਗ ਹੀ ਪਲਟਾ ਖਾ ਗਿਆ, "ਸਾਧੂ" ਹੋਗੇ ਚਿੱਟੇ ਖ਼ੂਨ ਵੇ
ਨਾ ਭੈਣ ਭਾਈ ਚੰਗੇ ਲੱਗਦੇ, ਬੱਸ ਚੰਗਾ ਹੀ ਲੱਗਦੈ ਫ਼ੂਨ ਵੇ
ਦਾਤਾ ਜੀ ਸਭ ਤੇ ਖ਼ੈਰ ਕਰੋ।
ਦਾਤਾ ਜੀ ਸਭ ਤੇ ਮੇਹਰ ਕਰੋ।
ਦਾਤਾ ਜੀ ਸੁਮੱਤ ਹੀ ਬਖ਼ਸ਼ਿਓ।




## ਮਾਡਰਨ ਲਵ

ਮਾਡਰਨ ਜਮਾਨੇ ਵਿੱਚ ਪਿਆਰ ਵੀ ਮਾਡਰਨ ਹੁੰਦਾ ਹੈ ,
ਨਾ ਤਾਂ ਅੱਜ ਕੱਲ ਕੋਈ ਹੀਰ ਤੇ ਨਾ ਹੀ ਕੋਈ ਰਾਂਝਾ ਹੈ ।
ਕੱਲ ਦਾ ਪਿਆਰ ਸਿਰਫ ਬਣਿਆ ਇੱਕ ਤਮਾਸ਼ਾ ਹੈ ।
ਕੀ ਅਰਥ ਨੇ ਇਸ ਮਾਡਰਨ ਪਿਆਰ ਦੇ ,
ਜਿਸ ਦੇ ਅਰਥ ਤਾਂ ਇਹ ਫੈਸ਼ਨ ਨਾਲ ਜਾਣਦੇ ।
ਅੱਜ ਹੋਰ ਕੱਲ ਹੋਰ ਤੇ ਪਰਸੋਂ ਹੋਰ ਲੈ ਕੇ ਮਸ਼ੂਕਾ ਆਮਦੇ ਨੇ ,
ਸੜਕਾਂ ਬਾਜ਼ਾਰਾਂ ਵਿੱਚ ਹੋਟਲਾਂ ਰੇੜ੍ਹੀਆਂ ਤੇ
ਰਾਂਝੇ ਹੀਰਾਂ ਨਾਲ ਚੂਰੀਆਂ ਖਾਮਦੇ ਨੇ।
ਹਰ ਪਾਸੇ ਹੈ ਇਨਾਂ ਨੇ ਰਸ਼ ਪਾਇਆ
ਦੇਖ ਲੋਕ ਲਾਹਨਤਾ ਪਾਵਦੇ ਨੇ ।
ਖਾਂਦੇ ਨੇ ਕਸਮਾਂ ਸੱਚੇ ਪਿਆਰ ਦੀਆਂ ,
ਪਰ ਕੌਣ ਜਾਣੇ ਪਿਆਰ ਉਮਰਾਂ ਤੱਕ ਨਿਭਾਉਣਾ ।
ਪਿਆਰ ਦੇ ਅਰਥਾਂ ਨੂੰ ਮਾਡਰਨ ਲਵਰ ਨੇ ਖਰਾਬ ਕੀਤਾ ।
ਸਾਡੇ ਪ੍ਰਾਚੀਨ ਪ੍ਰੇਮ ਕਿੱਸਿਆਂ ਦੇ ਨਾਂ ਨੂੰ ਇਨਾਂ ਬਦਨਾਮ ਕੀਤਾ ।




## ਤ੍ਰਿੰਝਣ ਵਾਲੇ ਦਿਨ

ਤ੍ਰਿੰਝਣ ਵਾਲੇ ਦਿਨ ਨਾ ਲੱਭਦੇ, ਨਾ ਚਰਖੇ ਦੀਆ ਗੂੰਜਾਂ,
ਗੁਆਚੇ ਟੱਪੇ, ਬੋਲੀਆਂ, ਗਿੱਧਾ, ਦਿਸਣ ਨਾ ਸੋਹਣੀਆਂ ਕੂੰਜਾਂ।

ਕਾਸ਼ ਮੁੜ ਆਵਣ ਉਹ ਵੇਲੇ ,ਸੁੰਨੇ ਵਿਹੜੇ ਮਹਿਕਾਵਣ,
ਮਾਂਵਾਂ, ਧੀਆਂ ਤੇ ਸਹੇਲੀਆਂ, ਗੀਤ ਖੁਸ਼ੀਆਂ ਦੇ ਗਾਵਣ।

ਨਿੰਮਾਂ ਹੇਠ ਰੰਗਲੇ ਚਰਖ਼ੇ , ਪੰਛੀ ਵੀ ਸੁਣ ਲੈਣ ਗੱਲਾਂ।
ਸੂਤ ਕੱਤਦੀਆਂ ਹੱਸਣ ਕੁੜੀਆਂ,ਜਿਉਂ ਸਾਗਰ ਦੀਆਂ ਛੱਲਾਂ

ਮੱਥੇ ਟਿੱਕੇ, ਹੱਥੀਂ ਚੂੜੀਆਂ, ਝਾਂਜਰਾਂ ਛਣਕਣ ਪੈਰੀਂ
ਸਿਰ ਉੱਤੇ ਸੂਹੀਆਂ ਫੁਲਕਾਰੀਆਂ, ਚਮਕੇ ਗੋਟਾ ਸੁਨਹਿਰੀ।

ਫੁੱਲ ਬਰਕਤਾਂ ਦੇ ਖਿੜ੍ਹ ਪੈਣ , ਤੰਦ ਏਕੇ ਦੀ ਪਾਵਣ,
ਗੀਤ ਲੰਬੀਆਂ ਹੇਕਾਂ ਵਾਲੇ , ਮੋਹ ਦੇ ਦੀਪ ਜਗਾਵਣ।

ਤਾਰਿਆਂ ਛਾਂਵੇ ਚਰਖੇ ਗੂੰਜਣ, ਰੰਗਲੇ ਸੁਪਨੇ ਜਾਗਣ।
ਹੀਰ, ਸੱਸੀ, ਸੋਹਣੀ ਦੇ ਕਿੱਸੇ, ਰੂਹਾਂ ਵਿੱਚ ਰਸ ਪਾਵਣ।

"ਪਰਮ ਕਲੇਰ" ਕਰੇ ਅਰਜ਼ੋਈ, ਫਿਰ ਉਹ ਰੀਤ ਪੁਗਾਈਏ।
ਤ੍ਰਿੰਝਣ ਵਾਲੀ ਸਾਂਝ ਨਿਭਾ ਕੇ, ਵਿਰਸੇ ਦਾ ਮਾਣ ਵਧਾਈਏ।




## "ਪੈਸੇ ਦੀ ਅਹਿਮੀਅਤ"

ਪੈਸਾ ਚੀਜ਼ ਹੈ ਐਸੀ ਲੋਕੋ ਭਾਈ ਤੋਂ ਭਾਈ ਮਰਵਾ ਦਿੰਦਾ।
ਹੱਸਦੇ ਵਸਦੇ ਰਸਦੇ ਘਰਾਂ ਚ ਵੰਡੀਆਂ ਇਹੇ ਪਵਾ ਦਿੰਦਾ।।

ਖੱਬੀ ਖਾਨ ਕੋਈ ਕਿੱਡਾ ਹੋਵੇ ਉਹਦੀ ਗੋਡੀ ਨਿਵਾ ਦਿੰਦਾ।
ਵਿੱਚ ਅਦਾਲਤਾਂ ਜੱਜ ਸਾਹਮਣੇ ਪੈਰੀਂ ਹੱਥ ਲਵਾ ਦਿੰਦਾ ।।

ਗੁੰਡੇ ਅਨਸਰਾਂ ਹੱਥੀਂ ਚੜ੍ਹਕੇ ਆਪਣੀ ਔਕਾਤ ਗਵਾ ਬਹਿੰਦਾ।
ਲੱਗ ਜੇ ਸਤਿਸੰਗੀਂ ਹੱਥੀਂ ਪਰਮਾਰਥ ਇਹ ਕਰਵਾ ਦਿੰਦਾ।।

ਹੱਕ ਹਲਾਲ ਦਾ ਪੈਸਾ ਲੋਕੋ ਵਿੱਚ ਦੁਨੀਆ ਇੱਜਤ ਵਧਾ ਦਿੰਦਾ।
ਦੋ ਨੰਬਰ ਦਾ ਪੈਸਾ ਆਬਰੂ ਮਿੱਟੀ ਵਿੱਚ ਮਿਲਾ ਲੈਂਦਾ।।

ਇਹੀ ਪੈਸਾ ਇਨਸਾਨ ਨੂੰ ਸੂਲੀ ਉੱਤੇ ਚੜਾ ਦਿੰਦਾ।
ਸਹੀ ਤਰੀਕੇ ਨਾਲ ਖਰਚੀਏ ਸੂਲੀਓਂ ਸੂਲ ਬਣਾ ਦਿੰਦਾ।।

ਕਿਸੇ ਬੰਦੇ ਦੀ ਗੁੱਡੀ ਪੈਸਾ ਵਿੱਚ ਅਸਮਾਨ ਚੜਾ ਦਿੰਦਾ।
ਜਿਹੜਾ ਇਹਦੀ ਕਦਰ ਨਾ ਕਰਦਾ ਉਹਨੂੰ ਅਰਸ਼ੋਂ ਫਰਸ਼ ਪਟਕਾ ਦਿੰਦਾ।।

ਪੈਸਾ ਹੀ ਇਕ ਐਸੀ ਚੀਜ਼ ਹੈ ਜੋ ਵੰਡੀਆਂ ਮਨਾਂ ਚ ਪਾ ਦਿੰਦਾ।
ਪਤੀ ਪਤਨੀ ਦਾ ਪਵਿੱਤਰ ਰਿਸ਼ਤਾ ਤਲਾਕਾਂ ਤੱਕ ਪਹੁੰਚਾ ਦਿੰਦਾ।।

ਇਹੀ ਪੈਸਾ ਵਿੱਚ ਦੋਸਤਾਂ ਨਫਰਤ ਹੈ ਵਧਾ ਦਿੰਦਾ।
ਰੱਬ ਵਰਗਾ ਸਹਾਰਾ ਜੀਹਦਾ ਜ਼ਿੰਦਗੀ ਵਿੱਚੋਂ ਗਵਾ ਦਿੰਦਾ।।

ਪੈਸੇ ਦੇ ਹੰਕਾਰ ਚ ਬੰਦਾ ਕੂੰਡਾ ਹੈ ਕਰਵਾ ਲੈਂਦਾ।
ਵਿੱਚ ਸ਼ਰੀਕੇ ਜਿੰਦਗੀ ਭਰ ਲਈ ਧੌਣ ਨੀਵੀ ਕਰਵਾ ਬਹਿੰਦਾ।।

ਜਿੰਦਗੀ ਜੀਣ ਲਈ ਕਮਾਓ ਪੈਸਾ, ਪਰ ਪੈਸਾ ਸਭ ਕੁਝ ਨਹੀਂ ਜੀ।
ਸੰਤਾਂ ਪੀਰਾਂ ਫਕੀਰਾਂ ਨੇ ਵੀ ਇਹੀ ਗੱਲ ਹੈ ਕਹੀ ਜੀ।।

ਪੈਸਾ ਆਉਂਦਾ ਜਾਂਦਾ ਰਹਿੰਦਾ ਨਾ ਇਸ ਦੇ ਨਾਲ ਪਿਆਰ ਕਰੋ।
ਕਦੇ ਨਾ ਇੱਕ ਦੇ ਕੋਲ ਇਹ ਰਹਿਣਾ ਸ਼ਰਮੇ ਦਾ ਇਤਬਾਰ ਕਰੋ।




## ਤੂੰ ਹੀ ਦੱਸ...

ਤੂੰ ਹੀ ਦੱਸ !
ਮਿਹਨਤ ਦੇ ਲੁੱਟੇ
ਅਸਮਾਨ ਨੂੰ ਤੋਪੇ ਕਿੰਝ ਲਾਵਾਂ
ਨੀਲੇ ਬੱਦਲਾਂ ਨੂੰ
ਰੱਬ ਕਹਿ ਕਿੰਝ ਬੁਲਾਵਾਂ...

ਤੂੰ ਹੀ ਦੱਸ !
ਮੁਹੱਬਤ ਦਾ ਗਰਭਪਾਤ ਕਰ ਕੇ
ਪੱਥਰ ਹੋ ਕਿੰਝ ਜੀਵਾਂ
ਮਹਿਬੂਬ ਦੇ ਸਾਹਾਂ 'ਚੋਂ
ਨਫ਼ਰਤ ਦਾ ਜ਼ਹਿਰ ਕਿੰਝ ਪੀਵਾਂ...

ਤੂੰ ਹੀ ਦੱਸ !
ਮਰਦ ਹਾਂ ਇਹ ਸੋਚ ਕੇ
ਹੰਝੂਆਂ ਨੂੰ ਅੱਖਾਂ 'ਚ ਰੱਖਾਂ
ਤਾਂ ਕਿੰਝ ਰੱਖਾਂ
ਮੈਂ ਆਪਣੇ ਹੀ ਜ਼ਖ਼ਮਾਂ ਦਾ
ਸਵਾਦ ਚੱਖ਼ਾਂ ਤਾਂ ਕਿੰਝ ਚੱਖ਼ਾਂ...

ਤੂੰ ਹੀ ਦੱਸ !
ਘਰੇ ਕੱਢੀ ਸ਼ਰਾਬ
ਜਾਂ ਪੋਸਤ ਦੇ ਬੂਟੇ ਵਾਂਗ
ਚੋਰੀ ਲਾਈ ਯਾਰੀ ਦੀ
ਮਹਿਕ ਨੂੰ ਕਿੰਝ ਰੋਕਾਂ
ਪੁਲਿਸ ਦੇ ਸੂਹੋਂ ਕੁੱਤਿਆਂ ਵਾਂਗ
ਪਿਆਰ ਦੀਆਂ ਦੁਸ਼ਮਣ ਫਿਰਦੀਆਂ
ਜੋਕਾਂ ਨੂੰ ਰੋਕਾਂ ਤਾਂ ਕਿੰਝ ਰੋਕਾਂ...

ਤੂੰ ਹੀ ਦੱਸ !
ਜ਼ੁਲਮ ਨੂੰ ਵੇਖ
ਮੈਂ ਆਪਣੀ ਕਲਮ ਨਾਲ਼
ਕਿਸੇ ਅੱਲੜ੍ਹ ਦੀ ਛਾਤੀ ਕਿੰਝ ਨਾਪਾਂ
ਆਪਣੇ ਸ਼ਬਦਾਂ ਨੂੰ
ਹੀਰ ਦਾ ਬਾਣਾ ਪਹਿਣਾ
ਖ਼ੁਦ ਨੂੰ ਰਾਂਝਾ ਕਿੰਝ ਆਖਾਂ...

ਤੂੰ ਹੀ ਦੱਸ !
ਮੈਂ ਲੁਟੇਰਿਆਂ ਦੇ ਸਿਰ ਦਾ
ਤਾਜ ਕਿੰਝ ਬਣ ਜਾਵਾਂ
ਮਜ਼ਦੂਰਾਂ ਦੀ ਖੱਲ ਲਾਹ ਕੇ
ਸਰਮਾਏਦਾਰੀ ਦੇ ਮੱਥੇ 'ਤੇ
ਕਿੰਝ ਟਿਕਾਵਾਂ...

ਤੂੰ ਹੀ ਦੱਸ !
ਮੈਂ ਮੁਹੱਬਤ ਨੂੰ ਕਿੰਝ ਮਾਰਾਂ
ਤੇ ਜ਼ੁਲਮ ਵੇਖ ਉਬਾਲ਼ੇ ਖਾਂਦਾ
ਲਹੂ ਆਪਣਾ ਕਿੰਝ ਠਾਰਾਂ...

ਇਹ ਨਾ ਹੋਵੇ
ਕਿ ਤੇਰੇ ਕੁਝ ਦੱਸਣ ਤੋਂ ਪਹਿਲਾਂ
ਲਾ ਦਿੱਤੀਆਂ ਜਾਣ
ਮੇਰੀ ਕਵਿਤਾ 'ਤੇ ਪਾਬੰਦੀਆਂ
ਦਫ਼ਨਾ ਦਿੱਤਾ ਜਾਵੇ ਕਵਿਤਾਵਾਂ ਨੂੰ...
ਮੈਨੂੰ ਲਿਖ ਲੈਣ ਦੇ
ਸੱਚੇ ਸੁੱਚੇ ਇਸ਼ਕ ਦਾ ਗੀਤ
ਪਾ ਲੈਣ ਦੇ ਸੰਘਰਸ਼ਾਂ ਸੰਗ ਪ੍ਰੀਤ
ਕਰ ਲੈਣ ਦੇ ਕਿਰਤੀਆਂ ਦੀ ਗੱਲ
ਤੇ ਵੰਗਾਰ ਲੈਣ ਦੇ ਉਹਨਾਂ ਨੂੰ
ਜੋ ਬੈਠੇ ਨੇ ਤਖ਼ਤਾਂ ਨੂੰ ਮੱਲ...

ਤੂੰ ਮੈਨੂੰ ਕੁਝ ਨਾ ਦੱਸ
ਕੁਝ ਨਾ ਕਹਿ
ਬਸ ਚੁੱਪ ਹੀ ਰਹਿ।




## ਅਧੂਰੇ ਸ਼ੇਅਰ

ਜੋਬਨ ਰੁੱਤੇ ਉੱਗੀਆਂ ਵਸਲਾਂ ,
ਨਜਰਾਂ ਮਿਲੀਆਂ, ਤੱਕ ਸਹੀ ਸੀ ,,
ਤੂੰ ਸੋਹਣੀ ਕੋਈ ਸ਼ੱਕ ਨਹੀਂ ਸੀ ,
ਮੈਂ ਵੀ ਤੇ ਫੇਰ ਘੱਟ ਨਹੀਂ ਸੀ ,,
ਦੇਖ ਕੇ ਤੈਨੂੰ ਜੇ ਨਾ ਭੁੱਖ ਲ਼ੱਥਦੀ ,
ਮੈਂ ਵੀ ਤੇ ਰਿਹਾ ਥੱਕ ਨਹੀਂ ਸੀ ,,
ਕ਼ਲੂਬ ਤੋਂ ਮੈਂ ਮੁਹੱਬਤ ਕੀਤੀ ,
ਫ਼ੋਕੀ ਮੇਰੀ ਤੱਕ ਨਹੀਂ ਸੀ ,,
ਅਕੀਦਤ ਦੇ ਝਰਨੇ ਵਿੱਚ ਵਹਿ ਕੇ ,
ਇੱਕ ਮਿੱਕ ਹੋਏ , ਵੱਖ ਨਹੀਂ ਸੀ ,,
ਮੁਸੱਵਰ ਬਣਿਆ ਪਿਆਰ ਤੇਰੇ ਵਿੱਚ ,
ਤਸੱਵਰਾਂ ਦੀ ਪਾਈ ਹੱਟ ਨਹੀਂ ਸੀ ,,
ਇਸ਼ਕ ਸੀ ਕੀਤਾ ਰੂਹਾਂ ਵਾਲਾ ,
ਮਨ ਤਾਂ ਮਿਲੇ , ਅਪਨੱਤ ਜਹੀ ਸੀ ,,
" ਰੱਬੀ ਸ਼ਾਯਰ " ਤੇਰੇ ਨਾਲ ਗੁਜ਼ਾਰੇ ਜਿੰਦਗੀ ,
ਕੀ ਰੱਬ ਤੋਂ ਮਿਲਿਆ ਹੱਕ ਨਹੀਂ ਸੀ ,,?
ਸ਼ਾਯਰੀ ਪੱਲੇ ਪਾ ਤੀ ਸੱਜਣਾਂ ,
ਤੂ ਕਿਸੇ ਗੀਤ-ਗਜਲ ਤੋਂ ਘੱਟ ਨਹੀਂ ਸੀ,,
ਤੂ ਕਿਸੇ ਗੀਤ-ਗਜਲ ਤੋਂ ਘੱਟ ਨਹੀਂ ਸੀ,,




## ਦੋਹੇ

ਧੁੱਪ, ਹਵਾ, ਖੁਸ਼ਬੋਈਆਂ, ਛਾਂਵਾਂ, ਨਿਰਮਲ ਨੀਰ।
ਸਾਂਝੇ ਹੁੰਦੇ ਸੱਭ ਦੇ ਕਿਸੇ ਦੀ ਨਹੀਂ ਜਾਗੀਰ।।

ਪਸ਼ੂ, ਪਰਿੰਦੇ, ਜੀਵ- ਜੰਤ, ਜੰਗਲ- ਬੇਲੇ, ਰੁੱਖ।
ਇਹਨਾਂ ਨਾਲ ਹੀ ਸ਼ੋਭਦੇ, ਧਰਤੀ ਅਤੇ ਮਨੁੱਖ।।

ਧੋਖਾ, ਠੱਗੀ, ਦੁਸ਼ਮਣੀ,ਚੁਗਲੀ, ਦੁਰਾਆਚਾਰ।
ਬੰਦੇ ਲਈ ਕਲੰਕ ਨੇ ,ਖੋਹ ਲੈਂਦੇ ਸਤਿਕਾਰ।।

ਬੇਰੁਜ਼ਗਾਰੀ, ਭੁੱਖਮਰੀ,ਗੁਰਬਤ,ਭਰਿਸ਼ਟਾਚਾਰ।
ਲਾਹਣਤ ਹੁੰਦੇ ਦੇਸ਼ ਲਈ, ਕੌਮਾਂ ਦੇ ਸਿਰ ਭਾਰ।।

ਹੌਸਲਾ, ਅਣਖ,ਬਹਾਦਰੀ, ਸਿੱਦਕ,ਦਲੇਰੀ, ਜਾਨ।
ਮੀਰੀ ਗੁਣ ਇਨਸਾਨ ਦੇ,ਹੋਣ ਕੌਮ ਦਾ ਮਾਣ।।

ਨੇਤਾ, ਤੋਪਾਂ,ਰਾਈਫਲਾਂ, ਗੋਲੀਆਂ, ਟੈਂਕ, ਬਾਰੂਦ।
ਕਰ ਨਾ ਦੇਵਣ ਖ਼ਤਮ ਕਿਤੇ ਧਰਤੀ ਦਾ ਵਜੂਦ।।

ਜੇ ਅੰਦਰੋਂ ਇਨਸਾਨੀਅਤ ਮੁੱਕ ਗਈ ਮੇਰੇ ਯਾਰ।
ਕਿਸ ਕੰਮ ਇਹ ਅਮੀਰੀਆਂ, ਤੂੰ ਕਾਹਦਾ ਸਰਦਾਰ।।

ਸਿਆਣਪ, ਸਬਰ, ਸਕੂਨ, ਸ਼ੁਕਰ, ਪੰਜਵਾਂ ਸ਼ਿਸ਼ਟਾਚਾਰ।
ਲੋੜ ਮੁਤਾਬਿਕ ਦੌਲਤਾਂ, ਜ਼ਿੰਦਗੀ ਦਾ ਸ਼ਿੰਗਾਰ।।

ਜਗਦੀਸ਼! ਬਣੀ ਤੂੰ ਬਾਦ ਵਿੱਚ, ਸਿੱਖ, ਹਿੰਦੂ, ਮੁਸਲਮਾਨ।
ਪਰ ਬਣ ਪਹਿਲਾਂ ਵੀਰਨਾ ! ਇੱਕ ਚੰਗਾ ਇਨਸਾਨ।।




## ਪੰਜਾਬੀ

ਇਹ ਬੋਲੀ ਪੰਜ ਆਬ ਦੀ, ਇਸਦੀਆਂ ਅੱਖਾਂ 'ਚ ਸੋਜ਼,
ਮੂੰਹ ਵਿੱਚ ਤਾਲੇ ਜੜ੍ਹ ਕੇ, ਸੰਘ ਵਿੱਚ ਘੁੱਟੇ ਬੋਲ,
ਇਹ ਮਿੱਟੀ ਮੁੜਕੇ ਜਨਮੀ, ਕਿਰਤੀ ਕਾਮਿਆਂ ਕੋਲ,
ਭੁੱਖੀ ਕੁੱਖ ਵਿੱਚ ਪਲੀ ਏ, ਸੁਣ ਸ਼ੱਕਰ ਮਿੱਠੇ ਬੋਲ,
ਅੱਖਰ ਸ਼ਬਦ ਸਾਂਭਣ ਖਾਤਰ, ਸਿਰ ਝੱਖੜ ਝੱਲੇ ਰੋਜ਼,
ਮੋਰਾਂ ਹਲਟੀ ਪੈਲੀਆਂ, ਨਾਲ ਟਿੱਢਿਆਂ ਦੇ ਬੋਲ,
ਇਹ ਜੰਗਾਂ ਵਿੱਚ ਜੂਝਦੀ, ਤਾਣ ਨਗਾਰੇ ਚ ਬੋਲ,
ਤੇਗਾਂ ਰਣ ਵਿੱਚ ਗੱਜੀਆਂ, ਹੁਕਮੀ ਇਲਾਹੀ ਬੋਲ,
ਘੁੰਮਦੀ ਸੱਤ ਪਾਣੀਆਂ ਨਾਲ, ਸੰਗੀਤਕ ਰੰਗਲੇ ਬੋਲ,
ਨਾ ਚਾਚੀ ਨਾ ਮਾਸੀ ਬਣੀ, ਖੁਦ ਦੇ ਖਿੱਲਰੇ ਬੋਲ,
"ਅਮਰ" ਚੀਕਦਾ ਸਾਂਭ ਲਓ, ਪਾਕ ਜਜ਼ਬੇ ਦੀ ਖੋਰ,
ਮਾਂ ਪੰਜਾਬੀ ਨੂੰ ਬਚਾ ਲਓ, ਦਾਨਿਸ਼ਮੰਦ ਦੇ ਬੋਲ,




## ਗ਼ਜ਼ਲ

ਗਿਣਤੀ ਵੱਧਦੀ ਜਾਵੇ ਬੇਰੁਜ਼ਗਾਰਾਂ ਦੀ,
ਖ਼ੌਰੇ ਕਦ ਅੱਖ ਖੁੱਲ੍ਹਣੀ ਹੈ ਸਰਕਾਰਾਂ ਦੀ?

ਯਤਨ ਇਨ੍ਹਾਂ ਨੂੰ ਖੂੰਜੇ ਲਾਣ ਦੇ ਹੋਣ ਬੜੇ,
ਪਰ ਇੱਜ਼ਤ ਵੱਧਦੀ ਜਾਵੇ ਸਰਦਾਰਾਂ ਦੀ।

ਬਹੁਤੇ ਉੱਥੋਂ ਅੱਖ ਬਚਾ ਕੇ ਜਾਣ ਚਲੇ,
ਜਿੱਥੇ ਚਰਚਾ ਹੋਵੇ ਬਹਾਦਰ ਨਾਰਾਂ ਦੀ।

ਲੋਕੀਂ ਸਿਰ ਤੇ ਚੁੱਕ ਉਨ੍ਹਾਂ ਨੂੰ ਲੈਂਦੇ ਨੇ,
ਜਿਹੜੇ ਬਾਂਹ ਫੜ ਲੈਂਦੇ ਨੇ ਲਾਚਾਰਾਂ ਦੀ।

ਜੋ ਲੋਕਾਂ ਦੇ ਮਸਲੇ ਦੱਸਣ ਹਾਕਮ ਨੂੰ,
ਵਿੱਕਰੀ ਹੋਵੇ ਬਹੁਤ ਉਨ੍ਹਾਂ ਅਖਬਾਰਾਂ ਦੀ।

ਉਹ ਜੱਗ ਤੇ ਆਪਣਾ ਨਾਂ ਚਮਕਾ ਜਾਂਦੇ ਨੇ,
ਜੋ ਪਰਵਾਹ ਨਹੀਂ ਕਰਦੇ ਜਿੱਤਾਂ, ਹਾਰਾਂ ਦੀ।

ਉੱਥੇ ਰਹਿਣੇ ਨੂੰ ਦਿਲ ਨਾ ਕਰੇ ਮਾੜਾ ਵੀ,
ਜਿੱਥੇ ਗੱਲ ਕਰੇ ਨਾ ਕੋਈ ਪਿਆਰਾਂ ਦੀ।








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

## ਮੰਜ਼ਿਲ

ਡੁੱਬਦਿਆਂ ਦਾ ਸਹਾਰਾ ਵੀ ਤੂੰ ,
ਰੂਹ ਦਾ ਰੌਸ਼ਨ ਮਿਨਾਰਾ ਵੀ ਤੂੰ॥

ਮੰਜ਼ਿਲਾਂ ਨੂੰ ਜਾਂਦੇ ਰਾਹ ਵਾਂਗੂ,
ਸੱਚੇ ਪ੍ਰੇਮ ਦੀ ਚਾਹ ਵੀ ਤੂੰ ॥

ਜਿਵੇਂ ਮੱਖਣ ਸ਼ਾਹ ਦਾ ਬੇੜਾ ਤਾਰੇ,
ਸਵਰਗਾਂ ਨੂੰ ਜਾਂਦੀ ਪੌੜੀ ਵੀ ਤੂੰ॥

ਸਭ ਪਾਸੇ ਰੱਬੀ ਨੂਰ ਵਰਸਦਾ,
ਹਰ ਕੋਈ ਤੇਰੀ ਦੀਦ ਤਰਸਦਾ॥

ਖ਼ਲਕਤ ਵਿੱਚ ਖ਼ਾਲਕ ਵੀ ਤੂੰ,
ਹਰੇਕ ਦਾ ਪ੍ਰਿਤਪਾਲਕ ਵੀ ਤੂੰ॥

ਪੁੰਨਿਆਂ ਦਾ ਬਣੇ ਚੰਦ ਕਦੇ,
ਅੰਬਰਾਂ ਤੇ ਧਰੂ ਤਾਰਾ ਵੀ ਤੂੰ

ਸੱਚੇ ਬੰਦੇ ਦਾ ਸਾਥ ਨਿਭਾਵੇਂ,
ਜਨਮਾਂ ਦੀ ਪਿਆਸ ਬੁਝਾਵੇਂ ਤੂੰ॥

ਰੰਗਾਂ ਰੂਪਾਂ ਜਾਤਾਂ ਤੋਂ ਵੱਖਰਾ,
ਰੱਬੀ ਰੂਹਾਂ ਦੀ ਤੀਸਰੀ ਅੱਖ ਤੂੰ ॥

ਸਾਨੂੰ ਲੱਗਦਾ ਬਹੁਤ ਪਿਆਰਾ
ਦੁੱਖੀਆਂ ਦਾ ਸਹਾਰਾ ਵੀ ਤੂੰ ॥

ਅਜ਼ਲਾਂ ਤੋ ਆਸਾਂ ਤੇਰੇ ਤੇ,
ਨਜ਼ਰ ਮੇਹਰ ਦੀ ਪਾਦੇ ਤੂੰ ॥

"ਨੀਰ"ਭੁੱਲਿਆਂ ਨੂੰ ਰਾਹੇ ਪਾਉਂਦਾ?
ਦੁੱਖੀਆਂ ਦੇ ਦੁੱਖ ਵੰਡਾਉਂਦਾ ਵੀ ਤੂੰ॥




## ਯਾਦਾਂ ਦੀ ਪੌਣ

ਅੱਜ ਆਏ ਨੇ ਬੱਦਲ ਤੇਰੇ ਸ਼ਹਿਰ ਵੱਲੋਂ,
ਯਾਦਾਂ ਦੀ ਪੌਣ ਲਿਆਏ ਤੇਰੇ ਸ਼ਹਿਰ ਵੱਲੋਂ।

ਤੂੰ ਵੀ ਲੱਗਦਾ ਛੱਤ 'ਤੇ ਚੜ੍ਹਿਆ ਹੋਣਾ ਏ,
ਬੱਦਲ ਵੀ ਅੱਜ ਰੱਜ ਕੇ ਵਰ੍ਹਿਆ ਹੋਣਾ ਏ।
ਸੂਰਜ ਵਾਂਝਾ ਹੋਇਆ ਸਿਖਰ ਦੁਪਹਿਰ ਵੱਲੋਂ,
ਅੱਜ ਆਏ ਨੇ ਬੱਦਲ ਤੇਰੇ ਸ਼ਹਿਰ ਵੱਲੋਂ,
ਯਾਦਾਂ ਦੀ ਪੌਣ ਲਿਆਏ ਤੇਰੇ ਸ਼ਹਿਰ ਵੱਲੋਂ।

ਤੇਰੇ ਗਰਾਂ ਤਾਂ ਠੰਡਕ ਛਾਈ ਹੋਣੀ ਏ,
ਧੁੰਦਲੀ ਜਿਹੀ ਯਾਦ ਸਾਡੀ ਵੀ ਆਈ ਹੋਣੀ ਏ।
ਛੁੱਟਿਆ ਨਹੀਂ ਖਹਿੜਾ ਯਾਦਾਂ ਦੇ ਪਹਿਰ ਵੱਲੋਂ,
ਅੱਜ ਆਏ ਨੇ ਬੱਦਲ ਤੇਰੇ ਸ਼ਹਿਰ ਵੱਲੋਂ,
ਯਾਦਾਂ ਦੀ ਪੌਣ ਲਿਆਏ ਤੇਰੇ ਸ਼ਹਿਰ ਵੱਲੋਂ।

ਭਰਿਆ ਪਾਣੀ ਅੱਖਾਂ ਜਿਵੇਂ ਦਰਿਆਵਾਂ ਦੇ ,
ਸਾਉਣ ਮਹੀਨੇ ਇਹ ਕੀ ਦੱਸ ਸਜ਼ਾਵਾਂ ਨੇ।
ਅੰਗਰੇਜ, ਕਿੱਥੇ ਬਚਣਾ ਤੇਰੇ ਕਹਿਰ ਵੱਲੋਂ,
ਅੱਜ ਆਏ ਨੇ ਬੱਦਲ ਤੇਰੇ ਸ਼ਹਿਰ ਵੱਲੋਂ,
ਯਾਦਾਂ ਦੀ ਪੌਣ ਲਿਆਏ ਤੇਰੇ ਸ਼ਹਿਰ ਵੱਲੋਂ।




## ਪਿਆਰੀਆਂ ਯਾਦਾਂ

ਬਚਪਨ ਬੜਾਂ ਪਿਆਰਾ ਹੁੰਦਾ।
ਬਚਪਨ ਵਿੱਚ ਨਜ਼ਾਰਾ ਹੁੰਦਾ।

ਨਾਂ ਕੋਈ ਹੋਵੇ ਜ਼ਿੰਮੇਵਾਰੀ।
ਖਾਣ -ਪੀਣ ਦੀ ਹੋਵੇ ਤਿਆਰੀ।

ਸਾਰਾ ਦਿਨ ਨੱਚੀਏ ਗਾਈਏ।
ਰਲ ਕੇ ਮਸਤੀ ਖ਼ੂਬ ਮਨਾਈਏ।

ਸਭ ਦਾ ਬਚਪਨ ਸੋਹਣਾਂ ਹੋਵੇ।
ਪਿਆਰੀਆਂ ਯਾਦਾਂ ਰੱਖ ਸੰਜੋਵੇ।




## ਬੇਗ਼ੈਰਤ ਇਨਸਾਨ ਹੋਏ

ਚਾਹ ਮੁੱਕੀ ਤੋਂ ਮਿੱਠਾ ਅੱਗੇ ਰੱਖਦੇ ਨੇ।
ਸਾਹਮਣੇ ਬੈਠਿਆ ਨੂੰ ਨਹੀਂ, ਪਿੱਛੋਂ ਤੱਕਦੇ ਨੇ।

ਸਿਫ਼ਤ ਜਿਨ੍ਹਾਂ ਦੀ ਅਸੀਂ ਕਰੀਦੀ ਮੂੰਹ ਉੱਤੇ,
ਉਹੀ ਸਾਨੂੰ ਪਿੱਠ ਤੇ ਮਾੜਾ ਬਕਦੇ ਨੇ।

ਆਪਣੀਆਂ ਹੀ ਸਾਂਭ ਲੈਣ ਗੱਲ ਵੱਡੀ ਹੈ,
ਨਜ਼ਰ ਪਰਾਈਆਂ ਤੇ ਜੋ ਮਾੜੀ ਰੱਖਦੇ ਨੇ।

ਚਾਹ ਦੀ ਫੋਕੀ ਸੁਲਾਹ ਵੀ ਨਾ ਜੋ ਮਾਰ ਸਕੇ,
ਦੂਜਿਆਂ ਦੇ ਘਰ ਜਾ ਪਰੌਠੇ ਛਕਦੇ ਨੇ।

ਆਸ ਅੱਜ ਦੇ ਮੰਤਰੀਆਂ ਤੇ ਕਿੰਝ ਕਰੀਏ,
ਵੋਟਾਂ ਲੈ ਜੋ ਫੇਰ ਪਿੱਛੇ ਨਾ ਤੱਕਦੇ ਨੇ।

ਇੱਕ ਦਿਨ ਓਹਲੇ ਬਹਿ ਧੂਏਂ ਪੱਜ ਰੋਵਣਗੇ,
ਮਜ਼ੇ ਪਰਾਈ ਮਾਇਆ ਨਾਲ਼ ਜੋ ਚੱਖਦੇ ਨੇ।

ਬੇਗ਼ੈਰਤ ਇਨਸਾਨ ਹੋਏ ਅੱਜ ਦੁਨੀਆ ਦੇ,
ਆਪਣੀ ਅਣਖ਼-ਜਮੀਰ ਸਾਂਭ ਨਾ ਰੱਖਦੇ ਨੇ।

ਲੱਖਾ ਸਲੇਮਪੁਰੀ ਗੱਲ ਸੌ ਦੀ ਇੱਕ ਆਖੇ,
ਸਦਾ ਹੀ ਇੱਜ਼ਤਾਂ ਵਾਲਿਆਂ ਦੇ ਘਰ ਵੱਸਦੇ ਨੇ।




## ਛਮ ਛਮ ਕਰਦਾ ਮੀਂਹ

ਛਮ ਛਮ ਕਰਦਾ ਮੀਂਹ ਹੈ ਆਇਆ

ਧਰਤੀ ਦਾ ਸੀਨਾ ਠਰ ਆਇਆ

ਦਵਾਈਆਂ ਰਸਾਇਣਾਂ ਇਸਨੂੰ ਜ਼ਹਿਰੀ ਬਣਾਇਆ

ਝੋਨਾ ਬੀਜਣੋ ਕਿਸਾਨ ਬਾਜ਼ ਨਾ ਆਇਆ

ਬੋਰ ਹਰ ਵਰ੍ਹੇ ਡੂੰਘਾ ਕਰਾਇਆ

ਪਰ ਸਦਕੇ ਤੇਰੇ ਮਾਲਕ ਦੇ

ਤੂੰ ਕੁਝ ਧਰਤੀ ਨੂੰ ਸਾਹ ਦਵਾਇਆ

ਦਰਖਤ ਬੂਟੇ ਸਬ ਖਿੜ ਜਾਇਆ

ਨਰ-ਨਾਰੀ ਮਿਲ ਮੰਗਲ ਗਾਇਆ

ਦੇਖੋ ਬੱਦਲ ਉਮੜ੍ਹਦਾ ਆਇਆ

ਹੋ ਗਿਆ 'ਸੋਨੀ' ਮੌਸਮ ਸੁਹਾਇਆ।




## ਆਓ ਸੋਚੀਏ

ਨੇਤਾ ਮੁਫਤਖੋਰੇ ਬਣਾਉਣ ਦੇ ਰਾਹ ਤੁਰ ਪਏ,

ਦਿੰਦੇ ਸਭ ਨੂੰ ਨਹੀਂ ਰੁਜ਼ਗਾਰ

ਕਾਹਤੋਂ।

ਨੀਅਤ ਨੀਤੀ ਜੇ ਠੀਕ ਤੇ ਠੋਸ ਹੁੰਦੀ,

ਪੜ੍ਹੇ ਲਿਖੇ ਫਿਰਦੇ ਬੇਰੁਜ਼ਗਾਰ

ਕਾਹਤੋਂ।

ਆਟੇ ਦਾਲ ਦੇ ਵਿੱਚ ਉਲਝਾ ਛੱਡਿਆ,

ਦਿੱਤੇ ਅਸਲੀ ਮੁੱਦੇ ਵਿਸਾਰ

ਕਾਹਤੋਂ।

ਭਾਰਤ ਮਾਤਾ ਦੀ ਗੋਦ ਵਿੱਚ ਖੇਡ ਕੇ ਜੀ,

ਚੋਬਰ ਗਏ ਉਡਾਰੀਆਂ ਮਾਰ

ਕਾਹਤੋਂ।




## ਵਾਤਾਵਰਣ ਬਚਾ ਲਓ ਵੀਰੋ

ਵਾਤਾਵਰਣ ਬਚਾ ਲਓ ਵੀਰੋ,
ਕੁਦਰਤ ਨਾਲ ਆੜੀ ਪਾ ਲਓ ਵੀਰੋ।
ਧਰਤੀ ਮਾਂ ਦੀ ਸੁਣੋ ਪੁਕਾਰ,
ਬਣਦਾ ਫ਼ਰਜ਼ ਨਿਭਾ ਲਓ ਵੀਰੋ।

ਪਿੱਪਲ,ਬੋਹੜ, ਨਿੰਮ ਦੀ ਛਾਂ,
ਜੀਵਨ ਲਈ ਵਰਦਾਨ ਬਣੇ।
ਫੁੱਲਾਂ ਨਾਲ ਮਹਿਕੇ ਫੁਲਵਾੜੀ,
ਰੱਬ ਦੀ ਸੋਹਣੀ ਸ਼ਾਨ ਬਣੇ।
ਸੁੰਨੇ ਵਿਹੜੇ ਮਹਿਕਾ ਲਓ ਵੀਰੋ।
ਵਾਤਾਵਰਨ ਬਚਾ ਲਓ ਵੀਰੋ,

ਨਦੀਆਂ ਰੋਣ,ਪਰਬਤ ਸਿਸਕਣ,
ਅੰਬਰ ਵੀ ਅੱਜ ਮਾਰੇ ਧਾਹਾਂ।
ਲਾਲਚ ਦੀ ਇੱਕ ਵਗੀ ਹਨੇਰੀ,
ਪਲੀਤ ਹੋ ਗਈਆਂ ਸਭ ਫਿਜ਼ਾਵਾਂ।
ਲੋਭੀ ਮਨ ਸਮਝਾ ਲਓ ਵੀਰੋ।
ਵਾਤਾਵਰਨ ਬਚਾ ਲਓ ਵੀਰੋ।

ਚਿੜੀਆਂ ਚੂਕਣ, ਮੋਰ ਨੱਚਣ,
ਕੋਇਲਾਂ ਮਿੱਠੇ ਗਾਣੇ ਗਾਵਣ ।
ਆਓ ਭਵਿੱਖ ਨੂੰ ਚਮਕਾਈਏ
ਬੱਚੇ-ਬੁੱਢੇ ਸਭ ਮੁਸਕਰਾਵਣ।
ਸਵਸਥ ਸੰਸਾਰ ਸਜਾ ਲਓ ਵੀਰੋ।
ਵਾਤਾਵਰਨ ਬਚਾ ਲਓ ਲੋਕੋ

ਆਓ ਪਰਮ ਰੁੱਖ ਲਗਾਈਏ,
ਧਰਤੀ ਮਾਂ ਦੀ ਹੋਂਦ ਬਚਾਈਏ।
ਰੁੱਖਾਂ ਨੂੰ" ਕਲੇਰ"ਮੀਤ ਬਣਾ ਕੇ,
ਧਰਤ ਨੂੰ ਹਰੀ ਭਰੀ ਬਣਾਈਏ।
ਮਿੱਟੀ,ਪਾਣੀ, ਹਵਾ ਸੰਭਾਲੋ ਵੀਰੋ।
ਵਾਤਾਵਰਨ ਬਚਾ ਲਓ ਵੀਰੋ।




## ਮਾਮੇ ਵਾਲ਼ੀ ਮੇਰੀ ਛਤਰੀ

ਰੰਗ ਬਰੰਗੀ ਛੱਤਰੀ ਮੇਰੀ,
ਮਾਮਾ ਮੇਰਾ ਲਿਆਇਆ।
ਪਹਿਲਾਂ ਉਸ ਦੀ ਡੋਰੀ ਖੋਲ੍ਹੀ,
ਫੇਰ ਮੈਂ ਬਟਨ ਦਬਾਇਆ।

ਵਿੱਚ ਹਵਾ ਦੇ ਉੱਡ ਉੱਡ ਜਾਵੇ,
ਘੁੱਟ ਕੇ ਮੈਂ ਫੜ ਰੱਖੀ।
ਮਾਮੇ ਨੇ ਮੈਨੂੰ ਲਿਆ ਕੇ ਦਿੱਤੀ,
ਇਹ ਗੱਲ ਸਭ ਨੂੰ ਦੱਸੀ।

ਉੱਪਰ ਲੈ ਕੇ ਬਾਹਰ ਨਾ ਜਾਈਂ
ਮੰਮੀ ਮੈਨੂੰ ਰੋਕੇ।
ਬੇਟਾ ਬਾਹਰ ਹਨੇਰੀ ਵਗਦੀ,
ਅੰਦਰ ਰੱਖ ਲਕੋ ਕੇ।

ਚਾਂਦੀ ਰੰਗੀ ਡੰਡੀ ਉਸ ਦੀ,
ਖੂੰਡੀ ਗੋਲ ਬਣਾਈ।
ਕਦੇ ਖੋਲਦਾ, ਬੰਦ ਮੈਂ ਕਰਦਾ,
ਤੁਰਦਾ ਚਾਈਂ ਚਾਈਂ।

ਕਾਰਟੂਨ ਬਣਾਇਆ ਉੱਤੇ ਇੱਕ,
ਵੇਖ ਵੇਖ ਖੁਸ਼ ਹੋਵਾਂ।
ਜਦ ਉਸ ਨੂੰ ਹੱਥ ਕੋਈ ਲਾਵੇ
ਮੈਂ ਹੁਬਕੀ ਹੁਬਕੀ ਰੋਵਾਂ।

'ਪੱਤੋ' ਤੋਂ ਚਾਅ ਚੱਕਿਆ ਨਾ ਜਾਵੇ,
ਰਾਤੀ ਨੀਂਦ ਨਾ ਆਵੇ।
ਵਿੱਚ ਹਨੇਰੇ ਜਦ ਨਾ ਦਿਸਦੀ
ਝੱਟ ਉੱਠ ਬਲਬ ਜਗਾਵੇ।




## ਕਾਗਜ਼ੀ

ਤੇਰਾ ਮੇਰਾ ਪਿਆਰ ਰਿਹਾ ਫਸਾਨਾ ਇੱਕ ਕਾਗਜ਼ੀ
ਵੱਡਾ ਸ਼ਾਇਰ ਰੁੰਘ ਰਿਹਾ ਦੀਵਾਨਾ ਇੱਕ ਕਾਗਜ਼ੀ

ਜ਼ਿਆਦਾਤਰ ਲੋਕ ਪੜ੍ਹਦੇ ਨਹੀਂ ਸ਼ੌਕ ਰੱਖਿਆ ਏ
ਵਰਕਿਆਂ ਤੇ ਲਫਜ਼ਾਂ ਦਾ ਖਜ਼ਾਨਾ ਇੱਕ ਕਾਗਜ਼ੀ

ਭਰ ਭਰ ਡੁੱਲਦੇ ਨੇ ਸਭ ਪੈਮਾਨੇ ਪਿਆਸੇ ਫਿਰਦੇ
ਇਸ਼ਕੇ ਦੀ ਲੋਰ ਏ ਡੂੰਘੀ ਮੈ'ਖਾਨਾ ਇੱਕ ਕਾਗਜ਼ੀ

ਫੁਰਕਤ ਹੈ ਨੇਹਮਤ ਹਰ ਪੱਲ ਖਿਆਲ ਢੂੰਡਦੀ
ਵਿਚਾਰ ਡੂੰਘੇ ਰੱਖਦੈ ਖੁਸ਼ ਵੀਰਾਨਾ ਇੱਕ ਕਾਗਜ਼ੀ

ਨਾ ਸੁਣਿਆ ਕਦੇ ਨਾ ਕੋਈ ਇਹਨੂੰ ਸੁਣ ਸਕਦਾ
ਅਨਾਹਤ ਨਾਦ ਜਿਹਾ ਹੈ ਤਰਾਨਾ ਇੱਕ ਕਾਗਜ਼ੀ

ਕੁਝ ਕੁ ਸਲਾਮਾਂ ਨੇ ਭੁੱਖੇ ਢਿੱਡ ਭਰੇ ਕਦੋਂ ਚੰਦਨਾਂ
ਮਹਿਫਲਾਂ ਦੀ ਵਾਹ ਵਾਹ ਬੇਗਾਨਾ ਇੱਕ ਕਾਗਜ਼ੀ








**ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।**

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)


## ਸੋਚ-ਸੋਚ ਕੇ

ਸੋਚ-ਸੋਚ ਕੇ ਹੈਰਾਨੀਂ ਹੋਈ,
ਲਾਭ ਨਹੀਂ ਕੋਈ ਹਾਨੀਂ ਹੋਈ,
ਜਿਸ ਨੂੰ ਆਪਣੀਂ ਸਮਝਿਆ ਸੀ,
ਅੱਜ ਉਹ ਚੰਦਰੀ ਬੇਗਾਨੀਂ ਹੋਈ,
ਚਾਅ ਤੇ ਸਧਰਾਂ ਮਰ ਮੁੱਕ ਗਏ,
ਦਿਲ ਦੇ ਵਿਹੜੇ ਵੀਰਾਨੀਂ ਹੋਈ,
ਅਖ਼ੀਰ ਆਸ਼ਕ ਨੂੰ ਗ਼ਮ ਹੀ ਮਿਲ਼ਦੇ,
ਉਹ ਹੀ ਰੀਤ ਪੁਰਾਣੀਂ ਹੋਈ,
ਹੰਝੂਆਂ ਨਾਲ਼ ਅੱਖਾਂ ਭਰ ਗਈਆਂ,
ਇਹ ਸਭ ਉਸਦੀ ਮਿਹਰਬਾਨੀਂ ਹੋਈ,
ਪਿਆਰ ਦੇ ਸੱਚੇ ਸੌਦੇ ਵਿੱਚ,
ਉਸਦੇ ਵੱਲੋਂ ਧੋਖਾ ਤੇ ਬੇਈਮਾਨੀਂ ਹੋਈ,
'ਦਿਲਸ਼ਾਨ' ਨੂੰ ਆਸ ਸੀ ਖੁਸ਼ੀਆਂ ਦੀ,
ਸਾਬਤ ਦਰਦ ਭਰੀ ਕਹਾਣੀਂ ਹੋਈ।




## ਸੱਤਰਵਾਂ ਬਸੰਤ

ਮੈਂ ਅੱਜ ਸੱਤਰ ਸਾਲ ਦਾ ਹੋ ਗਿਆ ਹਾਂ।ਅੱਜ ਮੇਰਾ ਜਨਮ ਦਿਨ ਨਹੀਂ ਹੈ ਪਰ ਮੈਂ ਸੱਤਰ ਬਸੰਤ ਮਨਾਏ ਹਨ। ਮੈਨੂੰ ਯਾਦ ਹੈ ਇਕੱਲਾ ਬਸੰਤ ਨਹੀਂ, ਨਾਲ ਸਿਆਲ ਵੀ। ਬਰਸਾਤਾਂ ਲੂਆਂ, ਗੜੇ ਤੇ ਸਰਦ ਬਰਫ਼ੀਲੀਆਂ ਹਵਾਵਾਂ ਵੀ, ਪਰ ਬਸੰਤ ਯਾਦ ਹੈ। ਯਾਦ ਹੈ ਫੁੱਲਾਂ ਦਾ ਮੌਸਮ।

ਇਹੀ ਯਾਦ ਰੱਖਣਾ ਚਾਹੀਦਾ ਹੈ ਨਾ!ਇੱਕ ਗੱਲ ਹੋਰ ਪਤਾ ਚੱਲੀ ਹੈ ਕੁਝ ਦਿਨ ਪਹਿਲਾਂ ਹੀ, ਜਿਸ ਮੁਲਕ ਵਿਚ ਮੈਂ ਰਹਿੰਦਾ ਹਾਂ, ਉਥੋਂ ਦੇ ਲੋਕਾਂ ਦੀ ਔਸਤਨ ਉਮਰ 70 ਸਾਲ ਹੁੰਦੀ ਹੈ। ਇਹੀ ਉਮਰ ਅਜ਼ਾਦੀ ਵੇਲੇ ਹੁਣ ਨਾਲੋਂ ਅੱਧੀ ਸੀ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਮੈਂ ਇਸ ਔਸਤਨ ਉਮਰ ਨੂੰ ਠੀਕ-ਠਾਕ ਗੁਜ਼ਾਰ ਲਿਆ ਹੈ ਸੋਚਦਾ ਹਾਂ ਕਿੰਨੇ ਕੁ ਲੋਕ ਇਸ ਉਮਰ ਤਕ ਪਹੁੰਚਦੇ ਹੋਣਗੇ। ਹਰ ਰੋਜ਼ ਹੀ ਸੁਣਨ ਨੂੰ ਮਿਲਦਾ ਹੈ ਕੋਈ 50 ਵਰਿਆਂ ਤੇ ਕੋਈ 55 ਤੇ ਬਾਏ ਬਾਏ ਕਹਿ ਕੇ ਚਲਾ ਗਿਆ। ਮੈਨੂੰ ਪਤਾ ਚਲਿਆ ਕਿ ਮੈਂ ਖੁਸ਼ਕਿਸਮਤ ਹਾਂ। ਇਸ ਰਸਤੇ ਤੇ ਚਲਣ ਵਾਲੇ ਅਤੇ ਹੋਰ ਵਧ ਜਿਉਣ ਵਾਲੇ ਲੋਕ ਕਿੰਨੇ ਕੁ ਹਨ ਤਾਂ ਪਤਾ ਚਲਿਆ ਕਿ 100 ਵਿਚੋਂ ਸਿਰਫ਼ 9 ਲੋਕ ਹੀ ਇਹ ਇਰਾਦਾ ਰੱਖਦੇ ਹਨ। ਇਹਨਾਂ ਲੋਕਾਂ ਵਿਚੋਂ ਮੈਂ ਵੀ ਇੱਕ ਹਾਂ।

ਇਸ ਉਮਰ ਤੇ ਇੱਕ ਹੋਰ ਗੱਲ ਸੁਣਨ ਨੂੰ ਮਿਲਦੀ ਹੈ ਸੱਠ ਦੀ ਉਮਰ ਤੇ ਆਮ ਕਿਹਾ ਜਾਂਦਾ ਹੈ ਕਿ ਬੰਦਾ ਸਠਿਆ ਗਿਆ ਹੈ ਅਤੇ ਸੱਤਰ ਤੇ ਹੋਰ ਵੀ ਜੁੜ ਜਾਂਦਾ ਹੈ ਇਹ ਬੰਦਾ ਸੱਤਰਿਆ ਬੱਤਰਿਆ ਹੋ ਗਿਆ ਹੈ, ਕਹਿਣ ਦਾ ਮਤਲਬ ਕਿ ਦਿਮਾਗ਼ ਗੁੱਲ ਖੁਸ਼ੀ ਇਸ ਲਈ ਹੈ ਕਿ ਮੇਰੀ ਉਮਰ ਵਧ ਗਈ ਹੈ ਪਰ ਸੱਚ ਕਹਾਂ ਮੈਨੂੰ ਇੰਨੀ ਖੁਸ਼ੀ ਨਹੀਂ ਹੈ ਮੇਰੇ ਬਹੁਤੇ ਸਾਥੀ ਇੱਕ-ਇੱਕ ਕਰਕੇ ਕਿਰ ਰਹੇ ਹਨ। ਕਈ ਵਾਰ ਸੋਚਦਾ ਹਾਂ ਕਿ ਮੇਰੇ ਨਾਲ ਦੋਸਤੀ ਕਰਨ ਵਾਲੇ ਕਿੰਨੇ ਕੁ ਸਾਥੀ ਬਚੇ ਹਨ।

ਮੇਰੀ ਉਮਰ ਵਧ ਰਹੀ ਹੈ ਜਿਵੇਂ 69 ਤੋਂ 70 ਅਤੇ ਹੁਣ 70 ਤੋਂ 71 ਲੱਗਦਾ ਹੈ ਵਾਪਸੀ ਦਾ ਸਫਰ ਸ਼ੁਰੂ ਹੋ ਗਿਆ। ਜਿਸ ਲਾਇਨ ਵਿਚ ਮੈਂ ਖੜਾ ਹਾਂ ਤਾਂ ਮੇਰੀ ਨਜ਼ਰ ਵਿਚ ਮੇਰੇ ਤੋਂ ਅੱਗੇ ਖੜ੍ਹੇ ਲੋਕਾਂ ਤੇ ਜ਼ਿਆਦਾ ਜਾਂਦੀ ਹੈ।

ਪਰ ਜੋ ਵੀ ਮਿਲਦਾ ਹੈ ਅਜੇ ਹੋਰ ਜੀਉਣਾ ਚਾਹੁੰਦਾ ਹੈ ਕੋਈ ਨਬੇ ਤੇ ਸੌ ਦੇ 'ਨੇੜੇ ਪਹੁੰਚ ਹਰ ਹਾਲਤ ਵਿਚ ਇਕ ਇਤਿਹਾਸ ਲਿਖਣਾ ਚਾਹੁੰਦਾ ਹੈ।

ਮਰਨਾ ਕੋਈ ਨਹੀਂ ਚਾਹੁੰਦਾ, ਚੰਗੀ ਗੱਲ ਹੈ। ਉਸਾਰੂ ਸੋਚ ਇਕ ਵਧੀਆ ਗੱਲ ਹੈ ਪਰ ਸੋਚਦਾ ਹਾਂ ਲੰਬੀ ਉਮਰ ਦਾ ਕੋਈ ਮਕਸਦ ਤਾਂ ਹੋਵੇ? ਇਤਿਹਾਸ ਜੇ ਲਿਖਣਾ ਹੈ ਤਾਂ ਉਸ ਦੀ ਕੋਈ ਪ੍ਰਾਪਤੀ ਤਾਂ ਹੋਵੇ, ਕੋਈ ਕੀ ਯਾਦ ਕਰੇਗਾ, ਕਿਸ ਲਈ ਯਾਦ ਕਰੇਗਾ?

ਸਵੇਰੇ ਉੱਠ ਕੇ ਹੱਸਣ ਦਾ ਕੰਮ ਤਾਂ ਹੋਵੇ ਹੀ। ਆਪਣੇ ਲਈ ਜਾਂ ਹੋਰਾਂ ਲਈ। ਸਵੇਰੇ ਉਠਣ ਤੋਂ ਪਹਿਲਾਂ ਇਸ ਬਾਰੇ ਸੋਚ ਲਿਆ ਜਾਵੇ।

ਸਵਾਲ ਇਹ ਵੀ ਮਹੱਤਵਪੂਰਨ ਹੈ ਕਿੰਨੇ ਹੋਰ ਬਸੰਤ ਦੇਖਣ ਦੀ ਚਾਹ ਹੈ। ਬਸੰਤ ਦਾ ਕੋਈ ਚਿਹਰਾ ਵੀ ਤਾਂ ਹੋਵੇ। ਬਸੰਤ ਦੇ ਬਾਰੇ ਕੀ ਤਸਵੀਰ ਹੈ? ਬਸੰਤ ਕੀ ਕੋਈ ਰੁੱਤ ਹੈ ਜਾਂ ਕੋਈ ਰੰਗ ਜਾਂ ਕੋਈ ਔਰਤ ਕੁਝ ਵੀ ਹੋਵੇ ਰੰਗ, ਮੌਸਮ, ਨਾਰੀ ਕੋਈ ਅਹਿਸਾਸ ਜੋ ਜਵਾਨ ਰਹਿਣ ਵਾਲਾ। ਦਿਲ ਦੀ ਧੜਕਣ ਨੂੰ ਬਣਾ ਕੇ ਰੱਖਣ ਵਾਲਾ।

ਦਿਲ ਧੜਕਦਾ ਹੈ ਤਾਂ ਮਤਲਬ ਜਵਾਨ ਹੈ।ਅਹਿਸਾਸ ਨਾਲ ਭਰਿਆ ਹੋਵੇ ਤਾਂ ਹੋਰ ਕੀ ਚਾਹੀਦਾ? ਸੱਤਰ ਸਾਲ ਦੀ ਉਮਰ ਤੇ ਔਸਤਨ ਉਮਰ ਤਾਂ ਘਟਦੀ ਵਧਦੀ ਰਹਿੰਦੀ ਹੈ।




## ਗ਼ਜ਼ਲ

ਥਾਂ ਥਾਂ ਤੋਂ ਟੁੱਟੀ ਹੋਈ ਹੈ ਤਾਰ ਰਿਸ਼ਤਿਆਂ ਦੀ।
ਹੈ ਰੋਜ਼ ਦੀ ਕਹਾਣੀ,ਬੀਮਾਰ ਰਿਸ਼ਤਿਆਂ ਦੀ।

ਪਹੁੰਚੇ ਭਲਾ ਕਿਵੇਂ ਫਿਰ, ਜੀਵਨ ਦੀ ਗੱਡੀ ਧੁਰ ਤੱਕ,
ਦਿਸਦੀ ਨਹੀਂ ਹੈ ਪਟੜੀ ਇਕਸਾਰ ਰਿਸ਼ਤਿਆਂ ਦੀ।

ਇਖ਼ਲਾਕ ਤੋਂ ਨੇ ਡਿੱਗੇ,ਮੋਈਆਂ ਨੇ ਅੱਜ ਜ਼ਮੀਰਾਂ,
ਜੰਮੀ ਹੈ ਧੂੜ ਦਿਲ 'ਤੇ, ਮੁਰਦਾਰ ਰਿਸ਼ਤਿਆਂ ਦੀ।

ਮਾਵਾਂ 'ਤੇ ਧੀਆਂ ਭਾਰੂ, ਪੁੱਤਾਂ ਨੇ ਬਾਪ ਦੱਬੇ,
ਭਾਈਆਂ ਤੋਂ ਭਾਈ ਖੋਹਦੀ ਰਫ਼ਤਾਰ ਰਿਸ਼ਤਿਆਂ ਦੀ।

ਇੱਕ ਬੋਲ ਵੀ ਨਾ ਸਰਦਾ,ਵਹਿਸ਼ੀ ਇਹ ਬਣਿਆ ਦੇਖੋ,
ਪਾਉਂਦਾ ਸੀ ਬਾਤ ਜਿਹੜਾ ਸੰਸਾਰ, ਰਿਸ਼ਤਿਆਂ ਦੀ।

ਸਾਦਾ ਸੁਖਾਵਾਂ ਜੀਵਨ, ਕਿੱਦਾਂ ਕੋਈ ਜੀ ਸਕਦੈ,
ਪੈਂਦੀ ਹੈ ਜਦ ਅਚਾਨਕ, ਫਿਟਕਾਰ ਰਿਸ਼ਤਿਆਂ ਦੀ।

ਗੰਦੇ ਪਲੀਤ ਰਿਸ਼ਤੇ, ਲੋਭੀ ਨੇ ਵਾਸ਼ਨਾ ਦੇ,
ਮਹਿਕਾਂ ਭਰੀ ਹੈ ਕਿੱਥੇ, ਗੁਲਜ਼ਾਰ ਰਿਸ਼ਤਿਆਂ ਦੀ।

ਸੱਭਿਅਕ ਨੇ ਕਿੰਨੇ ਰਿਸ਼ਤੇ , ਤੂੰ ਨਾ ਨਿਭਾਉਣ ਜੋਗਾ,
ਕਹਿੰਦੀ ਹੈ ਸੁਣ 'ਪੰਜਾਬੀ,ਛਣਕਾਰ ਰਿਸ਼ਤਿਆਂ ਦੀ।




## ਝੂਠ ਬੋਲਣਾ

ਦੁਨੀਆਂ ਵਿੱਚ ਕੋਈ ਵੀ ਮਨੁੱਖ ਝੂਠ ਬੋਲ ਕੇ ਖੁਸ਼ ਨਹੀਂ ਹੁੰਦਾ। ਝੂਠ ਅਕਸਰ ਮਨੁੱਖ ਦੀ ਪਹਿਲੀ ਚੋਣ ਨਹੀਂ, ਸਗੋਂ ਹਾਲਾਤਾਂ ਦੀ ਪੈਦਾਵਾਰ ਹੁੰਦਾ ਹੈ। ਕਈ ਵਾਰ ਉਸ ਝੂਠ ਦੇ ਪਿੱਛੇ ਖੜ੍ਹੇ ਕਾਰਨਾਂ ਵਿੱਚ ਅਸੀਂ ਖੁਦ ਵੀ ਸ਼ਾਮਲ ਹੁੰਦੇ ਹਾਂ।

ਜੇ ਕੋਈ ਵਿਅਕਤੀ ਤੁਹਾਡੇ ਨਾਲ ਸੱਚ ਬੋਲਣ ਦੀ ਬਜਾਏ ਝੂਠ ਦਾ ਸਹਾਰਾ ਲੈਂਦਾ ਹੈ, ਤਾਂ ਸੰਭਵ ਹੈ ਕਿ ਉਸ ਨੂੰ ਤੁਹਾਡੇ ਉੱਤੇ ਪੂਰਾ ਵਿਸ਼ਵਾਸ ਨਾ ਹੋਵੇ। ਸ਼ਾਇਦ ਉਸ ਨੂੰ ਇਹ ਡਰ ਹੋਵੇ ਕਿ ਸੱਚ ਬੋਲਣ ਨਾਲ ਤੁਸੀਂ ਉਸ ਨੂੰ ਨੀਵਾਂ ਦਿਖਾਓਗੇ, ਉਸ ਦੀ ਨਿੰਦਾ ਕਰੋਗੇ, ਉਸ ਦਾ ਨੁਕਸਾਨ ਕਰੋਗੇ ਜਾਂ ਉਸ ਦੀ ਬੇਇੱਜ਼ਤੀ ਦਾ ਕਾਰਨ ਬਣੋਗੇ। ਜਿੱਥੇ ਸੱਚ ਨੂੰ ਸਵੀਕਾਰ ਕਰਨ ਦੀ ਸਮਰੱਥਾ ਨਹੀਂ ਹੁੰਦੀ, ਉੱਥੇ ਝੂਠ ਨੂੰ ਪਨਾਹ ਮਿਲ ਜਾਂਦੀ ਹੈ।

ਇਸ ਲਈ ਜਦੋਂ ਤੁਹਾਨੂੰ ਪਤਾ ਲੱਗੇ ਕਿ ਕੋਈ ਤੁਹਾਡੇ ਨਾਲ ਝੂਠ ਬੋਲ ਰਿਹਾ ਹੈ, ਤਾਂ ਸਿਰਫ਼ ਉਸ ਉੱਤੇ ਉਂਗਲ ਨਾ ਚੁੱਕੋ। ਪਹਿਲਾਂ ਆਪਣੇ ਅੰਦਰ ਝਾਤ ਮਾਰੋ। ਆਪਣੇ ਆਪ ਤੋਂ ਪੁੱਛੋ—ਕੀ ਮੇਰੇ ਸੁਭਾਅ ਵਿੱਚ ਕੋਈ ਅਜਿਹੀ ਕਮੀ ਹੈ, ਜਿਸ ਕਰਕੇ ਲੋਕ ਮੇਰੇ ਨਾਲ ਸੱਚ ਬੋਲਣ ਤੋਂ ਡਰਦੇ ਹਨ? ਕੀ ਮੇਰੇ ਗੁੱਸੇ, ਮੇਰੇ ਅਹੰਕਾਰ, ਮੇਰੀ ਕਠੋਰਤਾ ਜਾਂ ਮੇਰੇ ਫ਼ੈਸਲਿਆਂ ਦਾ ਡਰ ਉਨ੍ਹਾਂ ਨੂੰ ਝੂਠ ਬੋਲਣ ਲਈ ਮਜਬੂਰ ਕਰਦਾ ਹੈ?

ਇਹ ਗੱਲ ਵੀ ਸਹੀ ਹੈ ਕਿ ਹਰ ਝੂਠ ਦਾ ਕਾਰਨ ਸਾਹਮਣੇ ਵਾਲਾ ਨਹੀਂ ਹੁੰਦਾ। ਕਈ ਲੋਕ ਆਪਣੇ ਸੁਆਰਥ ਜਾਂ ਆਦਤ ਵੱਸ ਵੀ ਝੂਠ ਬੋਲਦੇ ਹਨ। ਪਰ ਜਦੋਂ ਗੱਲ ਸਾਡੇ ਆਪਣੇ ਸੰਬੰਧਾਂ ਦੀ ਹੋਵੇ, ਤਾਂ ਦੂਜਿਆਂ ਨੂੰ ਦੋਸ਼ ਦੇਣ ਤੋਂ ਪਹਿਲਾਂ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਨੂੰ ਜ਼ਰੂਰ ਪਰਖਣਾ ਚਾਹੀਦਾ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ਲੋਕ ਸਾਡੇ ਨਾਲ ਸੱਚੇ ਰਹਿਣ, ਤਾਂ ਸਭ ਤੋਂ ਪਹਿਲਾਂ ਸਾਨੂੰ ਅਜਿਹਾ ਮਾਹੌਲ ਬਣਾਉਣਾ ਪਵੇਗਾ, ਜਿੱਥੇ ਸੱਚ ਬੋਲਣ ਵਾਲੇ ਨੂੰ ਡਰ, ਅਪਮਾਨ ਜਾਂ ਸਜ਼ਾ ਦਾ ਭੈ ਨਾ ਹੋਵੇ। ਵਿਸ਼ਵਾਸ, ਸਤਿਕਾਰ ਅਤੇ ਸਮਝ ਹੀ ਉਹ ਧਰਤੀ ਹੈ, ਜਿੱਥੇ ਸੱਚ ਖਿੜਦਾ ਹੈ।

ਇਸ ਲਈ ਝੂਠ ਬੋਲਣ ਵਾਲੇ ਨੂੰ ਕੋਸਣ ਤੋਂ ਪਹਿਲਾਂ ਆਪਣੇ ਆਪ ਨੂੰ ਪਰਖੋ। ਹੋ ਸਕਦਾ ਹੈ, ਕਿਸੇ ਦੇ ਝੂਠ ਦਾ ਜਵਾਬ ਉਸ ਦੇ ਅੰਦਰ ਨਹੀਂ, ਸਾਡੇ ਆਪਣੇ ਵਰਤਾਅ ਵਿੱਚ ਲੁਕਿਆ ਹੋਵੇ।




## ਗ਼ਜ਼ਲ

ਜਾਗ ਜਾਗ ਕੇ ਰਾਤਾਂ ਕੱਟਾਂ ਤੇਰੀ ਯਾਦ ਸਹਾਰੇ ।
ਹੰਝੂ ਹੰਝੂ ਰੂਹ ਕਰ ਦਿੰਦੇ ਦੁੱਖ ਪਰਬਤੋਂ ਭਾਰੇ।।

ਨੈਣ ਜਦੋਂ ਤੋਂ ਲੱਗੇ ਸੱਜਣਾ ਮੁੜ ਕੇ ਨੈਣ ਨਾ ਲੱਗੇ,
ਦੁੱਖ ਹਿਜਰਾਂ ਦੇ ਨੈਣੋ ਵਗਦੇ ਬਣ ਬਣ ਹੰਝੂ ਖਾਰੇ।

ਹਾਉਕੇ, ਹੰਝੂ, ਚੀਸਾਂ ਹੁੰਦੀਆਂ ਆਸ਼ਿਕ ਦਾ ਸਰਮਾਇਆ,
ਹੋਰ ਕੋਈ ਕੀ ਇਸ਼ਕ ਚੋਂ ਲੈਂਦਾ ਛੱਤ ਹੈ ਮਹਿਲ ਚੁਬਾਰੇ ।।

ਚੰਨ ਚਾਨਣੀ ਰਾਤ ਹੈ ਚੁੱਭਦੀ ਸੀਨੇ ਕਿਰਚਾਂ ਵਾਂਗੂ,
ਕੀ ਕੋਈ ਸੌਂਵੇ, ਕੀ ਕੋਈ ਜਾਗੇ, ਕੀ ਕੋਈ ਚੰਦ ਨਿਹਾਰੇ ?

ਪੀੜ ਹਿਜਰ ਦੀ ਜਾਂ ਪੈਰਾਂ ਵਿੱਚ ਭੱਖੜੇ ਦਾ ਚੁੱਭ ਜਾਣਾ,
ਤਿੜ ਤਿੜ ਤਨ ਦਾ ਭੁੱਜਣਾ, ਜੀਕਣ ਜੌਂ ਭੁੰਨਦੇ ਭਠਿਆਰੇ ।

ਧੁੱਖਦੇ ਤਨ ਮਨ, ਧੁਖਦੀ ਕਾਇਆ, ਧੁੱਖਦੇ ਖਿਆਲ ਨੇ ਮੇਰੇ,
ਕਿੰਨੇ ਕੁ ਕੋਈ ਠੰਡੇ ਛਿੱਟੇ ਲਿਖ ਸ਼ਬਦਾਂ ਦੇ ਮਾਰੇ?

ਇਹ ਕੈਸੀ ਹੈ ਇਸ਼ਕ ਦੀ ਬਾਜੀ! ਜੋ ਲੁਟ ਗਏ ਸੋ ਰਾਜੀ ,
ਜਿੱਤਣ ਵਾਲੇ ਰੋਣ ਹਮੇਸ਼ਾਂ,ਉਹ ਹੱਸਦੇ ਜੋ ਹਾਰੇ।।

ਮੰਨਿਆ ਤੇਰਾ ਹਿਜਰ ਮੇਰੇ ਲਈ ਮਾਰੂਥਲ ਦਾ ਜੀਣਾ,
ਪਰ ਜਗਦੀਸ਼ ਤੇਰੇ ਲਈ ਇਸਦੇ ਸਾਰੇ ਦਰਦ ਪਿਆਰੇ ।।




## ਕਾਵਿ ਵਿਅੰਗ

ਕਿਹੜੀ ਪਾਰਟੀ ਨੂੰ ਠਿਬੀ ਹੈ ਕਿਵੇਂ ਲਾਉਣੀ,
ਇਹੀ ਗੱਲ ਚੱਲੇ ਸਾਰੇ ਪੰਜਾਬ ਅੰਦਰ
ਘਟੀਆ ਜਿਹੀ ਵੀਡੀਓ ਮਿਲਜੇ ਕੋਈ ਯੂ ਟਿਊਬ ਉੱਤੋਂ,
ਇਹ ਚੀਜ਼ ਵਸ ਗਈ ਹੈ ਸਭਨਾਂ ਦੇ ਖੁਆਬ ਅੰਦਰ।
ਕਿਵੇਂ ਭੰਡਨਾ ਤੇ ਨਿੰਦਣਾ ਹੈ ਕਿਸੇ ਨੂੰ, ਸਿੱਖੋ ਸਿਆਸੀਆਂ ਤੋਂ,
ਘਰ ਕਰ ਗਈ ਹੈ ਇਹੀ ਗੱਲ ਹਰ ਨਵਾਬ ਅੰਦਰ।
ਸੋਚ ਨਹੀਂ ਹੈ ਕਿ ਵਿਕਾਸ ਦੀ ਕੋਈ ਗੱਲ ਕਰੀਏ,
ਕੁਰਸੀ ਹਥਿਆਉਣ ਦੀ ਲਾਲਸਾ ਹਰ ਸਾਹਿਬ ਅੰਦਰ।
ਰੰਗਲੇ ਪੰਜਾਬ ਬਣਾਉਣ ਦੇ ਸੁਪਨੇ ਛਿੱਕੇ ਗਏ ਟੰਗੇ,
ਹੁਣ ਤਾਂ ਇੱਜ਼ਤ ਬਚੀ ਰਹੇ ਇਹੀ ਬੱਸ ਸੋਚੀਏ ਜੀ।
ਸੱਭ ਸਿਆਸਤਦਾਨਾਂ ਦੀ ਇੱਕੋ ਹੀ ਸੋਚ ਬਣਗੀ,
ਕਿ ਗੱਲ ਆਉਂਦੀ ਉੱਤੋਂ ਹੀ ਕਿਵੇਂ ਬੋਚੀਏ ਜੀ।




## ਏਕਤਾ ਨਹੀਂ

ਬੋਰੀ ਵਿੱਚ ਪਏ.....
ਕੁਝ ਦਾਣਿਆਂ ਨੇਂ ਸਲਾਹ ਕੀਤੀ ..!
ਚੱਲੋ ਚੱਲੀਏ ..!
ਬੋਰੀ ਵਿੱਚ ਪਏ.....
ਕੁਝ ਦਾਣਿਆਂ ਨੇਂ ਸਲਾਹ ਕੀਤੀ ..!
ਚੱਲੋ ਚੱਲੀਏ ..!
ਧਰਤੀ ਮਾਂ ਦੇ ਗਰਭ ਵਿੱਚ ......ਤੇ ਫੁੱਟ ਪਈਏ ...ਕਾਇਮ ਰੱਖਣ ਲਈ ....ਆਪਣੇ ਵਜੂਦ ਨੂੰ ...!
ਜਾਂ ਫਿਰ ਮਰ ਜਾਈਏ ....
ਪਿਸ ਕੇ ...ਪੱਥਰ ਦੇ.. ਉਹਨਾਂ ਦੋ ਪੁੜਾਂ ਵਿਚਾਲੇ...
ਸੁਨਣ ਤੇ ਸਾਰੇ ...ਸੋਚਾਂ ਵਿੱਚ ਪੈ ਗਏ ...ਤੇ
ਕਮਾਲ ਦੇਖੋ ...
ਰਾਹ ...ਇੱਕ ਕਿਸੇ ਨੇ ਨਹੀਂ ਮੱਲਿਆ ...
ਕਿਉਂਕਿ ਏਕਾ ਨਹੀਂ ਸੀ ...
ਕੁਝ ਨੇ ਉੱਠ ਕੇ ....ਵਜੂਦ ਨੂੰ ਕਾਇਮ ਰੱਖਿਆ...
ਤੇ ਬਾਕੀ ਆਪਣੇ ਆਪਣੇ ਰਾਹ ਚਲੇ ਗਏ ....!
ਜਿਵੇਂ...ਜ਼ਮੀਰ ਮਰ ਗਈ ਹੋਵੇ.....!




## ਮਾਫ ਕਰ ਦੇ ਗੁਨਾਹ

ਤਾਰੇ ਲੱਖਾਂ ਤੂੰ ਹਜ਼ਾਰਾਂ , ਕੀਹਦਾ ਲਵਾਂ
ਇਥੇ ਨਾ,
ਲਾਲੈ ਚਰਨਾਂ ਚ ਦਾਤਾ , ਮਾਫ ਕਰਦੇ
ਗੁਨਾਹ ,

ਰਹਿੰਦਾ ਮੰਦਰ ਮਸੀਤਾਂ , ਭਾਵੇਂ ਰਹਿੰਦਾ ਗੁਰੂਦੁਆਰੇ ,
ਸਾਨੂੰ ਇਕੋ ਰੱਬ ਦਿਸੇ , ਤੇਰੇ ਤੱਕੀਏ
ਸਹਾਰੇ ,
ਅੱਲਾ ਵਾਹਿਗੁਰੂ ਤੇ ਰਾਂਮ ,ਇਹ ਤਾਂ ਤੇਰੇ
ਸਾਰੇ ਨਾ ,
ਲਾ ਲੈ ਚਰਨਾਂ ਚ ਦਾਤਾ , ਮਾਫ ਕਰਦੇ
ਗੁਨਾਹ ,

ਤੈਥੋਂ ਵੱਡਾ ਕੌਣ ਦਾਨੀ , ਹਿੰਦੂ ਧਰਮ
ਬਚਾਇਆ ,
ਗੁਰੂ ਨੌਵੇਂ ਪਾਤਸ਼ਾਹ , ਸੀਸ ਦਿੱਲੀ ਜਾ
ਚੜ੍ਹਾਇਆ ,
ਉਹ ਤਾਂ ਭਗਤੀ ਦੇ ਪੁੰਜ , ਗਏ ਧਰਮ
ਬਚਾ ,
ਲਾਲ ਚਰਨਾਂ ਚ ਦਾਤਾ ਮਾਫ ਕਰ ਦੇ
ਗੁਨਾਹ ,

ਕਿਤੇ ਕ੍ਰਿਸ਼ਨ ਕਨਈਆ , ਕਿਤੇ ਰਾਮ
ਅਵਤਾਰ ,
ਬ੍ਰਹਮਾ ਵਿਸ਼ਨੂ ਮਹੇਸ਼ , ਰਚੀ ਸ੍ਰਿਸ਼ਟੀ
ਕਈ ਵਾਰ ,
ਸਾਨੂੰ ਤਾਰ ਦੇ ਸੁਦਾਮੇ ਵਾਂਗੂ , ਸੇਵਕ
ਬਨਾ ,
ਲਾਲੈ ਚਰਨਾ ਚ ਦਾਤਾ , ਮਾਫ ਕਰ ਦੇ
ਗੁਨਾਹ ,

ਸਾਰੇ ਧਰਮਾਂ ਦਾ ਰਹਿੰਦਾ , ਸਾਨੂੰ ਦਿਲੋਂ
ਸਤਿਕਾਰ ,
ਹਿੰਦੂ ਸਿੱਖ ਤੇ ਇਸਾਈ , ਸਾਡਾ ਸਾਂਝਾ
ਪਰਿਵਾਰ ,
ਰੱਖੀ ਸਾਰਿਆਂ ਸਿਰਾਂ ਤੇ , ਸਦਾ ਮਿਹਰਾਂ
ਵਾਲੀ ਛਾਂ ,
ਲਾਲੈ ਚਰਨਾਂ ਚ ਦਾਤਾ , ਮਾਫ ਕਰ ਦੇ
ਗੁਨਾਹ ,

ਕੁੱਲੀ ਕੱਖਾਂ ਦੀ ਨੂੰ ਦਾਤਾ , ਜਦੋਂ ਮਹਲ
ਬਣਾਵੇ ,
ਸਦਾ ਰਹਿੰਦਿਆਂ ਨਾ ਧੁੱਪਾਂ , ਢਲ ਜਾਣ
ਪਰਛਾਵੇ ,
ਮੱਖਣ ਸ਼ਰਮੇ ਦੇ ਵਾਂਗੂੰ , ਫੜੀ ਸਾਰਿਆਂ
ਦੀ ਬਾਂਹ ,
ਲਾਲੈ ਚਰਨਾਂ ਚ ਦਾਤਾ , ਮਾਫ ਕਰਦੇ
ਗੁਨਾਹ,




## ਮਸਲੇ ਇਹ ਦਰਿਆਵਾਂ ਦੇ

ਝੂਠੇ ਹੁੰਦੇ ਵਾਅਦੇ ਅਕਸਰ, ਵੋਟਾਂ ਵੇਲੇ ਨੇਤਾਵਾਂ ਦੇ।
ਲੱਗਦੈ ਤੈਥੋਂ ਹੱਲ ਨਹੀਂ ਹੋਣੇ ਮਸਲੇ ਇਹ ਦਰਿਆਵਾਂ ਦੇ,

ਸਾਡੇ ਦਿਲ ਨੇ ਹਰ ਪਲ ਮੰਗੀ , ਰੱਬ ਕੋਲੋਂ ਤੇਰੀ ਖੁਸ਼ਹਾਲੀ ,
ਸਾਡੀਆਂ ਸਭ ਇੱਛਾਵਾਂ ,ਬਦਲ ਗਈਆਂ ਵਿੱਚ ਦੁਆਵਾਂ ਦੇ।

ਸੱਚ ਦੇ ਰਸਤੇ ਤੁਰ ਪੈਂਦੇ ਜੋ, ਉਹ ਹਾਰ ਕਦੇ ਨਾ ਮੰਨਣ ਜੀ
ਸੂਰਜ ਵਾਂਗੂੰ ਉੱਗ ਪੈਂਦੇ ਉਹ ਕਾਲੀਆਂ ਵਿੱਚ ਘਟਾਵਾਂ ਦੇ।

ਚਾਲ ਸਮੇਂ ਦੀ ਸਮਝ ਨਾ ਆਵੇ,ਖੇਡ ਨਿਰਾਲੀ ਕਿਸਮਤ ਦੀ,
ਰੋਂਦੀਆਂ ਰੀਝਾਂ ਭੈਣਾਂ ਦੀਆਂ, ਅਕਸਰ ਬਾਂਝ ਭਰਾਵਾਂ ਦੇ ।

ਮਾਂ ਤਾਂ ਬੋਹੜ ਦਾ ਰੁੱਖ ਹੁੰਦੀ ਹੈ, ਧੁੱਪ ਵਿਚ ਠੰਡੀ ਛਾਂ ਦੇਵੇ,
ਕਰਜ਼ੇ ਲਾਹ ਨਾ ਸਕਦੇ ਪੁੱਤਰ ,ਸੌ ਜਨਮਾਂ ਵਿੱਚ ਵੀ ਮਾਵਾਂ ਦੇ।

ਲਫ਼ਜ਼ਾਂ ਅੰਦਰ ਗਮ , ਖੁਸ਼ਹਾਲੀ , ਚਿੰਤਾ ਸਭ ਹੀ ਵਸਦੇ ਨੇ,
ਵਿੱਚ ਕਵਿਤਾਵਾਂ ਨਿੱਤ ਲਿਖਦੀ ਹਾਂ,ਮੈਂ ਬਿਖਰੇ ਸੁਪਨੇ ਚਾਵਾਂ ਦੇ।

ਕਰੀਏ ਕਦਰ ਕਲੇਰ ਕਲਮ ਦੀ, ਝੂਠ ਕਦੇ ਨਾ ਲਿਖੀਏ ਜੀ,
ਗੀਤ ਗ਼ਜ਼ਲਾਂ ਪਾਉਣ ਗਵਾਹੀ , ਸਾਡੇ ਮਨ ਦੇ ਭਾਵਾਂ ਦੇ।








ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



## ਪੰਜਾਬੀ ਕਦੇ ਹੌਸਲਾ ਨੀ ਹਾਰਦੇ

ਕਾਬੂ ਵਿੱਚ ਰੱਖਦੇ ਦਿਮਾਗ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ
ਗੁਰੂਆਂ ਦਾ ਥਾਪੜਾ ਪੰਜਾਬ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ

ਵਕਤਾਂ ਦੇ ਵਿੱਚ ਵੀ ਨਾ ਹੌਸਲਾ ਇਹ ਛੱਡਦੇ
ਔਖੇ ਵੇਲੇ ਕਿਸੇ ਅੱਗੇ ਝੋਲੀ ਵੀ ਨਾ ਅੱਡਦੇ
ਹਿੰਮਤ ਨਾ ਝੱਲਦੇ ਵਿਰਾਗ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ
ਗੁਰੂਆਂ ਦਾ ਥਾਪੜਾ ਪੰਜਾਬ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ

ਦਸਮੇਸ਼ ਪਿਤਾ ਜੀ ਦੇ ਹੁਕਮਾਂ ਚ ਰਹਿੰਦੇ ਨੇ
ਹਰ ਵੇਲੇ ਨਾਮ ਦਸਾਂ ਗੁਰੂਆਂ ਦਾ ਲੈਂਦੇ ਨੇ
ਸੁਣਦਿਆ ਸਿੱਖੀ ਦੀ ਰਬਾਬ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ
ਗੁਰੂਆਂ ਦਾ ਥਾਪੜਾ ਪੰਜਾਬ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ

ਅਣਖੀ ਨੇ ਯੋਧੇ ਇਹ ਪੰਜਾਬ ਵਿੱਚ ਵਸਦੇ
ਗੱਲ ਸਤਲੁਜ ਰਾਵੀ ਤੇ ਬਿਆਸ ਇਹੋ ਦੱਸਦੇ
ਦੱਸਦੇ ਹੈ ਜੇਹਲਮ ਚਨਾਬ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ
ਗੁਰੂਆਂ ਦਾ ਥਾਪੜਾ ਪੰਜਾਬ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ

ਜ਼ੁਲਮਾ ਨੂੰ ਨੱਥ ਪਾਉਣ ਇਜ਼ਤਾਂ ਬਚਾਉਂਦੇ ਨੇ
ਤਾਂਹੀ ਜਸਵੀਰ ਸੂਰਮੇ ਪੰਜਾਬੀ ਅਖਵਾਉਂਦੇ ਨੇ
ਝੱਲਦੇ ਨਾ ਆਕੜ ਮਜਾਜ਼ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ
ਗੁਰੂਆਂ ਦਾ ਥਾਪੜਾ ਪੰਜਾਬ ਨੂੰ, ਪੰਜਾਬੀ ਕਦੇ ਹੌਸਲਾ ਨੀ ਹਾਰਦੇ




## ਕਮੈਂਟ

ਫੇਸ ਬੁਕ ਤੇ ਲਾਉਂਦੇ ਨਿੱਤ ਨਵੇਂ ਨਵੇਂ ਨਾਲ ਯਾਰੀ।

ਲੋਕਾਂ ਨੂੰ ਦੱਬਣ ਦੀ ਕਰਦੇ ਹਰ ਰੋਜ਼ ਤਿਆਰੀ।

ਹਿੱਜੜੇ ਤੈਨੂੰ ਕਦੋਂ ਤੱਕ ਬਚਾਉਣਗੇ?

ਯਾਦ ਰਖੀਂ ਇਹ ਤਾਂ ਤੈਨੂੰ ਤੇਰੀ ਕਬਰ ਤੱਕ ਛੱਡ ਕੇ ਆਉਣਗੇ।

ਕਈ ਸਾਲ ਮੈਂ ਬਹਿ ਕੇ ਤੇਰੇ ਨਾਲ ਤੇਰਾ ਕਿਰਦਾਰ ਪੜ੍ਹਿਆ।

ਵਡੀ ਫ਼ੌਜ ਦੇ ਵਿੱਚ ਮੈ ਹੀ ਸੀ ਇੱਕ ਜਿਹੜਾ ਤੇਰੇ ਨਾਲ ਅੱੜਿਆ।

ਕਰ ਲਈ ਤੂੰ ਬਹਿ ਕੇ ਵਿਚ ਮਹਿਫ਼ਲ ਦੇ ਮੇਰੇ ਉੱਤੇ ਕਮੈਂਟ।

ਯਾਦ ਰਖੀਂ ਰਹਿਣੀ ਨਹੀਂ ਇਹ ਕੁਰਸੀ ਤੇਰੇ ਕੌਲ ਪਰਮਾਨੇਂਟ।




## ਦਾਜ ਦੀਆਂ ਪੱਖੀਆਂ

ਕੱਤ ਦੀ ਸਹੇਲੀਆਂ ਚ ,ਚਰਖੇ ਦੀ ਹੂਕ ਮਾਏ ,
ਖੇਸ ਅਤੇ ਦਰੀਆਂ ਦਾ , ਕੱਤਿਆ ਮੈ ਸੂਤ ਮਾਏ ,
ਦਾਜ ਦਾ ਫਿਕਰ ਤੈਨੂੰ , ਸਾਂਭ ਸਾਂਭ ਰੱਖੀਆਂ ,
ਦਾਜ ਵਾਲੀ ਭੁੱਲ ਗਈਆਂ ਦਰੀਆਂ ਤੇ ਪੱਖੀਆਂ ,

ਕਿੱਥੇ ਗਈ ਮਾਂ ਮੇਰੇ ਨੱਕ , ਵਾਲੀ ਨੱਥ ਨੀ ,
ਰੱਤੀ ਭਰ ਤੀਲੀ ਨਾਲ , ਜੱਚਦਾ ਨਾ ਨੱਕ ਨੀ ,
ਕੰਨਾਂ ਦੀਆਂ ਗੈਬ ਹੋਈਆਂ , ਹਾਏ ਪਿੱਪਲ ਪੱਤੀਆਂ,
ਦਾਜ ਵਾਲੇ ਭੁੱਲ ਗਈਆਂ ਦਰੀਆਂ ਤੇ ਪੱਖੀਆਂ,

ਮੱਥੇ ਵਾਲਾ ਟਿੱਕਾ ਤੇ , ਕਲਿਪ ਮਾਏ ਭੁੱਲ ਗਈ ,
ਕੇਸਾਂ ਨੂੰ ਕਟਾ ਕੇ ਨਵੇਂ , ਫੈਸ਼ਨਾਂ ਤੇ ਡੁੱਲ ਗਈ ,
ਸੂਹੀ ਫੁਲਕਾਰੀ ਹੈ ਨਹੀਂ , ਸ਼ਰਮਾ ਹੈ ਚੱਕੀਆਂ ,
ਦਾਜ ਵਾਲੀ ਭੁੱਲ ਗਈਆਂ ,ਦਰੀਆਂ ਤੇ ਪੱਖੀਆਂ ,

ਮੰਗਦੇ ਹੈ ਏਸੀ ਹੁਣ , ਕੂਲਰਾਂ ਨੂੰ ਭੁੱਲ ਗਏ ,
ਕਾਰ ਹੋਵੇ ਮਹਿੰਗੀ ਅਤੇ , ਦਾਜ ਪਿੱਛੇ ਡੁੱਲ ਗਏ ,
ਮਾਮੇ ਦਾਦੇ ਮੁੰਦਰੀ , ਨਨਾਣ ਦੀਆਂ ਨੱਤੀਆਂ ,
ਦਾਜ ਵਾਲੀ ਭੁੱਲ ਗਈਆਂ ਦਰੀਆਂ ਤੇ ਪੱਖੀਆਂ,

ਅਨਪੜ ਹੁੰਦੀਆਂ ਤੇ , ਸੌਖੇ ਹੁੰਦੇ ਸਾਕ ਸੀ ,
ਅੱਜ ਵਾਂਗੂ ਵੇਖੇ ਕਿਤੇ , ਹੁੰਦੇ ਨਹੀਂ ਤਲਾਕ ਸੀ ,
ਮੱਖਣ ਸ਼ਰਮਾ ਗੱਲਾਂ ਸਦਾ ,ਲਿਖਦਾ ਹੈ ਸੱਚੀਆਂ ,
ਦਾਜ ਵਾਲੀ ਭੁੱਲ ਗਈਆਂ ਦਰੀਆਂ ਤੇ ਪੱਖੀਆਂ ,




## ਪੈਸਾ ਅਤੇ ਰਿਸ਼ਤੇ

ਪੈਸੇ ਨਾਲ ਰਿਸ਼ਤੇ ਨਹੀਂ ਖਰੀਦੇ ਜਾ ਸਕਦੇ,ਪਰ ਪੈਸਾ ਰਿਸ਼ਤੇਦਾਰੀ ਦਾ ਅਸਲੀ ਚਿਹਰਾ ਦਿਖਾ ਦਿੰਦਾ ਹੈ।

ਅਜ ਦੁਨੀਆਂ ਦੇ ਵਿਚ ਮਨੁੱਖ ਨੇ ਪੈਸੇ ਧੇਲੇ ਨੂੰ ਆਪਣੇ ਹਰ ਥਾਂ ਨੇੜਲੇ ਸਬੰਧਤ ਤੋਂ ਉਪਰ ਦਾ ਦਰਜਾ ਦੇ ਆਪਣੇ ਆਪ ਨੂੰ ਸੁਖਦਾਈ ਅਮੀਰ ਧਨਾਢ ਬਣਾਉਣ ਦੀ ਕੋਸ਼ਿਸ਼ ਕਰਦਾ ਦੁਖਾਂ ਦੀ ਉਬਲਦੀ ਨਦੀ ਦੇ ਵਿਚ ਤੜਫ਼ ਤੜਫ਼ ਮਰਨ ਵਿਚ ਬੇਹਤਰੀਨ ਨੂੰ ਸਾਬਿਤ ਕਰਨ ਵਿਚ ਸਮਾਂ ਅਜਾਈਂ ਗੁਆ ਪਛਤਾਵੇ ਦਾ ਕੜਛਾ ਫੜ ਘਿਰਿਆ ਹੋਇਆ ਲੱਗਦੈ ਹੈ।
ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦੀ ਲੋੜ ਨੂੰ ਨਿਕਾਰ ਪੈਸੇ ਨਾਲ਼ ਰਿਸ਼ਤੇ ਕਾਇਮ ਕਰਨ ਲਈ ਅਣਹੋਏ ਝੂਠੇ ਖੋਟੇ ਪੁਲ ਬੰਨ੍ਹਣ ਵਿਚ ਆਪਣੀ ਸਿਆਣਪ ਨੂੰ ਸਮਾਜ ਵਿੱਚ ਉਚੇਰੀ ਸੱਮਝ ਅਪਨਾਉਂਦਾ ਪੈਰਾਂ ਹੇਠਾਂ ਅੱਗ ਬਾਲੀ ਫਿਰਦਾ ਹੈ। ਪਰ ਰਿਸ਼ਤਿਆਂ ਦੀ ਵਰਣਮਾਲਾ ਆਪਣੇ ਥਾਂ ਤੇ ਸਥਿਰ ਖੜ ਆਪੋ ਆਪਣੀਆਂ ਸੇਵਾਵਾਂ ਫਰਜ਼ਾਂ ਨੂੰ ਨਿਭਾਉਂਦੇ ਪੈਸੇ ਧੇਲੇ ਨੂੰ ਨਿਕਾਰ ਕੇ ਸਮਾਜ ਵਿਚ ਸਾਂਝੀਵਾਲਤਾ ਦਾ ਪੈਗਾਮ ਦੇਣ ਦਾ ਪਹਿਰੇਦਾਰ ਹੈ। ਅਸਲੀ ਚਿਹਰਾ ਰਿਸ਼ਤੇ ਦਾ ਦੁਖ ਸੁਖ ਦੇ ਸਮੇਂ ਦਿਖਾਈ ਦਿੰਦਾ ਪੈਸੇ ਦੀ ਰਿਸ਼ਤੇ ਨੂੰ ਨਿਕਾਰਦਾ ਹੈ ਧੰਨਵਾਦ।




## ਇਹ ਦੁਨੀਆਂ ਹੈ ਫਾਨੀ

ਸੱਚੇ ਰੱਬ ਨੇ ਕਿਰਪਾ ਕੀਤੀ, ਮਿਲੀ ਜ਼ਿੰਦਗਾਨੀ |

ਵਾਂਗ ਪਾਹਣੇ ਜ਼ਿੰਦਗੀ ਜੱਗ ਤੇ, ਇਹ ਦੁਨੀਆਂ ਹੈ ਫ਼ਾਨੀ |

ਐਸੀ ਜੱਗ ਤੇ ਕਰਨੀ ਕਰ ਜਾਉ, ਸੋਭਾ ਦੋਇ ਜਹਾਨੀਂ |

ਸਿੱਖ ਲਵੋ ਫੁੱਲਾਂ ਤੋਂ ਹੱਸਣਾ, ਨਦੀਆਂ ਚਾਲ ਰਵਾਨੀ |

ਕਰਨੀ ਕੀਰਤ ਉੱਚੀ ਸੁੱਚੀ, ਟਹਿਕੇ ਮੱਖ ਨੂਰਾਨੀ |

ਯਾਦ ਕਰੇ ਇਹ ਦੁਨੀਆਂ ਪਿੱਛੋਂ, ਛੱਡ ਜਾਉ ਭਲੀ ਨਿਸ਼ਾਨੀ |

ਵਾਰ ਵਾਰ ਨਹੀਂ ਜੱਗ ਤੇ ਆਉਣਾ, ਇਹ ਅਵਸਰ ਵਡਮੁੱਲਾ |

ਮੁੜ ਨਹੀਂ "ਸਹਿਜ" ਪ੍ਰਾਪਤ ਹੋਣਾ, ਇਹ ਜਾਮਾ ਇਨਸਾਨੀ |




## ਲੋਕ ਤੱਥ

ਕਰੀਏ ਨਾ ਯਕੀਨ ਕਦੇ ਝੂਠੇ ਬੰਦੇ ਦਾ
ਜੂਠਾ ਵੀ ਨਾ ਖਾਈਏ ਆਦਤਾਂ ਤੋਂ ਗੰਦੇ ਦਾ
ਸੰਭਲ ਕੇ ਹਰ ਇੱਕ ਕੰਮ ਕਰੀਏ
ਕਿਸੇ ਪਿੱਛੇ ਲੱਗਕੇ ਕਦੇ ਨਾ ਲੜੀਏ

ਗੱਜਦੇ ਬੱਦਲ ਬਹੁਤਾ ਮੀਂਹ ਪਾਉਂਦੇ ਨਾ
ਪੱਤਣਾਂ ਤੋਂ ਲੰਘੇ ਪਾਣੀ ਮੁੜ ਆਉਂਦੇ ਨਾ
ਮੂੰਹੋਂ ਨਾ ਇਲਮ ਕਦੇ ਕਾਲਾ ਪੜੀਏ
ਕਿਸੇ ਪਿੱਛੇ ਲੱਗਕੇ ਕਦੇ ਨਾ ਲੜੀਏ

ਛੇੜੀਏ ਨਾ ਕਦੇ ਵੀ ਪਰਾਈ ਨਾਰ ਨੂੰ
ਭੁੱਲੀਏ ਨਾ ਕਦੇ ਫੱਕਰਾਂ ਦੀ ਮਾਰ ਨੂੰ
ਨੇਕ ਕੰਮਾਂ ਵਾਲੇ ਸਦਾ ਰਾਹ ਫੜੀਏ
ਕਿਸੇ ਪਿੱਛੇ ਲੱਗਕੇ ਕਦੇ ਨਾ ਲੜੀਏ

ਕਦੇ ਨੀ ਜਨਾਨੀ ਪੈਸੇ ਪਿੱਛੇ ਲੱਗੀਦਾ
ਭੋਲੇ ਬੰਦੇ ਤਾਈਂ ਵੀ ਕਦੇ ਨੀ ਠੱਗੀਦਾ
ਦੇਖਕੇ ਸ਼ਰੀਕਾਂ ਨੂੰ ਨਾ ਸੜੀਏ
ਕਿਸੇ ਪਿੱਛੇ ਲੱਗਕੇ ਕਦੇ ਨਾ ਲੜੀਏ

ਕੁੱਲੀਆਂ ਵਾਲੇ ਦੇ ਬੋਲ ਏਹੀ ਦੱਸਦੇ
ਜਿਹਨਾਂ ਪਿਲਾਇਆ ਦੁੱਧ ਸੱਪ ਡੱਸਦੇ
ਸੁਬਾ ਸ਼ਾਮ ਮਾਪਿਆਂ ਦੇ ਪੈਰ ਫੜੀਏ
ਕਿਸੇ ਪਿੱਛੇ ਲੱਗਕੇ ਕਦੇ ਨਾ ਲੜੀਏ




## ਬਾਰਿਸ਼ ਦੀ ਪਹਿਲੀ ਬੂੰਦ

ਬਾਰਿਸ਼ ਦੀ ਪਹਿਲੀ ਬੂੰਦ ਨੂੰ
ਦਿਲ ਵਿੱਚ ਸਮਾਉ ਤਾਂ ਸਹੀ
ਸਭ ਝਗੜੇ ਝੇੜੇ ਭੁੱਲ ਕੇ
ਇੱਕ ਹੋ ਕੇ ਦਿਖਾਉ ਤਾਂ ਸਹੀ
ਬਾਰਿਸ਼ ਨਾ ਦੇਖੇ ਜਾਤ ਪਾਤ
ਨਾ ਦੇਖੇ ਗਲੀ ਮੁਹੱਲੇ
ਨਾ ਦੇਖੇ ਕਿਸੇ ਭੀੜ ਨੂੰ
ਨਾ ਦੇਖੇ ਕੋਣ ਇਕੱਲੇ
ਸੱਭ ਤੇ ਇਹ ਰਹਿਮਤ ਕਰਦੀ ਏ
ਜਿੱਥੇ ਵੀ ਗਿਰਾਂਅ ਨੇ ਮੱਲੇ
ਕੁਦਰਤ ਦੇ ਅਜਬ ਨਜਾਰੇ ਵਿੱਚ
ਬਦਲੀ ਚੋਂ ਨਿਕਲੇ ਫੁਹਾਰੇ ਵਿੱਚ
ਪ੍ਰੇਮ ਪਿਆਰ ਵਿੱਚ ਭਿੱਜਕੇ ਸਾਰੇ
ਇੱਕ ਵਾਰ ਨਹਾਉ ਤਾਂ ਸਹੀ
ਬਾਰਿਸ਼ ਦੀ ਪਹਿਲੀ ਬੂੰਦ.....

ਬੂੰਦ - ਬੂੰਦ ਵਿੱਚ ਪਿਆਰ ਵਰ ਜਾਏ
ਨਫਰਤਾਂ ਨਦੀਆਂ ਵਿਚ ਹੜ ਜਾਏ
ਰਾਮ , ਰਹੀਮ ਤੇ ਗੁਰ ਨਾਨਕ ਦੀ
ਸਿੱਖਿਆ ਦੇ ਸੱਭ ਪਾਠ ਪੜ੍ਹ ਜਾਏ
ਟਪਕ ਟਪਕ ਸੁਰ ਤਾਲ ਨਾਲ ਬੱਝੇ
ਰੂਹਾਨੀ ਸੰਗੀਤ ਦਾ ਲੁਤਫ਼ ਉਠਾਓ ਤਾ ਸਹੀ
ਬਾਰਿਸ਼ ਦੀ ਪਹਿਲੀ ਬੂੰਦ.....

ਮਿੱਟੀ ਦੀ ਖੁਸ਼ਬੂ ਮਹਿਕ ਉੱਠੇ,
ਸੁੱਕੇ ਰੁੱਖ ਵੀ ਹੱਸ ਪੈਣ
ਚਿੜੀਆਂ ਮੁੜ ਕੇ ਗੀਤ ਸੁਣਾਵਣ
ਸੁੰਨੇ ਵਿਹੜੇ ਵੱਸ ਪੈਣ
ਕੁਦਰਤ ਦੀ ਇਸ ਸੋਹਣੀ ਬਖ਼ਸ਼ਿਸ਼ ਨੂੰ
ਇੱਕ ਵਾਰ ਦਿਲੋਂ ਅਪਣਾਉ ਤਾਂ ਸਹੀ
ਬਾਰਿਸ਼ ਦੀ ਪਹਿਲੀ ਬੂੰਦ ਨੂੰ
ਦਿਲ ਵਿੱਚ ਸਮਾਉ ਤਾਂ ਸਹੀ
ਬਾਰਿਸ਼ ਦੀ ਪਹਿਲੀ ਬੂੰਦ.....

ਜਿੱਥੇ ਫੁੱਲ ਖਿੜਣ ਮੁਹੱਬਤ ਦੇ
ਉੱਥੇ ਨਾ ਕੋਈ ਵੈਰ ਰਹੇ
ਹੱਸਦੇ ਚਿਹਰੇ, ਰੌਸ਼ਨ ਦਿਲ ਹੋਣ
ਹਰ ਪਾਸੇ ਪਿਆਰ ਦੀ ਲਹਿਰ ਵਹੇ
ਨਿੱਕੀ ਜਿਹੀ ਮੁਸਕਾਨ ਵੰਡ ਕੇ
ਦੁਨੀਆ ਮਹਿਕਾਉ ਤਾਂ ਸਹੀ
ਬਾਰਿਸ਼ ਦੀ ਪਹਿਲੀ ਬੂੰਦ ਨੂੰ
ਦਿਲ ਵਿੱਚ ਸਮਾਉ ਤਾਂ ਸਹੀ
ਬਾਰਿਸ਼ ਦੀ ਪਹਿਲੀ ਬੂੰਦ.....

ਇਹ ਧਰਤੀ ਸਾਡੀ ਸਾਂਝੀ ਏ
ਸਾਂਝਾ ਅੰਬਰ, ਸਾਂਝੀ ਹਵਾ
ਇੱਕੋ ਸੂਰਜ ਰੌਸ਼ਨੀ ਦੇਵੇ
ਇੱਕੋ ਜਿਹੀ ਸਭ ਨੂੰ ਦੁਆ
ਹੱਥਾਂ ਵਿੱਚ ਹੱਥ ਫੜ ਕੇ ਯਾਰੋ
ਨਵਾਂ ਜਹਾਨ ਬਣਾਉ ਤਾਂ ਸਹੀ
ਬਾਰਿਸ਼ ਦੀ ਪਹਿਲੀ ਬੂੰਦ ਨੂੰ
ਦਿਲ ਵਿੱਚ ਸਮਾਉ ਤਾਂ ਸਹੀ
ਬਾਰਿਸ਼ ਦੀ ਪਹਿਲੀ ਬੂੰਦ ਨੂੰ
ਦਿਲ ਸਮਾਓ ਤਾ ਸਹੀ




## ਜਾਣੇ ਕੀ ਰੱਬ ਦੇ ਮਾਂਹ ਮਾਰੇ ਆ

ਜਾਣੇ ਕੀ ਰੱਬ ਦੇ ਮਾਂਹ ਮਾਰੇ ਆ
ਦਿਨੇ ਦਿਖਾਉਂਦਾ ਦਾ ਜੋ ਤਾਰੇ ਆ

ਬੇਈਮਾਨਾਂ ਦੇ ਵਾਰੇ ਨਿਆਰੇ
ਸਾਡੇ ਢਹਾਉਂਦਾ ਵੀ ਢਾਰੇ ਆ

ਝੂਠ ਬੋਲ ਕੇ ਕੁਰਸੀ ਬਹਿ ਗਏ
ਬਈਮਾਨ ਸਭ ਸਕੇ ਸਾਰੇ ਆ

ਵੋਟਾਂ ਦੇ ਵੇਲੇ ਆਮ ਜਿਹੇ ਸੀ
ਜਿੱਤ ਕੇ ਹੋਏ ਖ਼ਾਸ ਵਿਚਾਰੇ ਆ

ਹਰ ਇੱਕ ਨੂੰ ਅਜ਼ਮਾ ਕੇ ਵੇਖਿਆ
ਵੱਧ ਚੜ੍ਹ ਕੇ ਸਭ ਦੇ ਕਾਰੇ ਆ

ਮੰਤਰੀਆਂ ਦੀਆਂ ਨੇ ਕਾਰਾਂ ਕੋਠੀਆਂ
ਜਨਤਾ ਪੱਲੇ ਬੱਸ ਲਾਰੇ ਆ

ਇੱਕ ਨੇ ਦੇਸ਼ ਧ੍ਰੋਹੀ ਕਹਿ ਮਾਰੇ
ਇੱਕ ਨੇ ਅੱਤਵਾਦੀ ਕਹਿ ਮਾਰੇ ਆ

ਫ਼ਰਕ ਕੋਈ ਨਹੀਂ ਰਾਜਨੀਤੀ ਵਿੱਚ
ਦੋ ਵਿੱਚ ਦੋ ਜਮਾਂ ਚਾਰੇ ਆ

ਇਨਸਾਨੀਅਤ ਦੀ ਗੱਲ ਕੋਈ ਨਹੀਂ ਕਰਦਾ
ਭੜਕਾਊ ਨੇ ਭਾਸ਼ਣ ਨਫ਼ਰਤੀ ਨਾਹਰੇ ਆ

ਜ਼ਮੀਰ ਦੀ ਹੱਤਿਆ ਕਰ ਕੇ ਬੈਠੇ
ਮਾਇਆ ਦੇ ਲਾਉਂਦੇ ਜੈਕਾਰੇ ਆ

ਇਨਸਾਨਾਂ ਵਿੱਚ ਉਂਝ ਰੱਬ ਹੀ ਵੱਸਦਾ
ਸ਼ੈਤਾਨ ਦੇ ਅੱਜਕੱਲ੍ਹ ਵਾਰੇ ਨਿਆਰੇ ਆ

ਸਰੀਰ ਵੀ ਇੱਕ ਦਿਨ ਛੱਡਣ ਪੈਣਾ
ਛਲਾਵਾ ਹੈ ਇਹ ਮਹਿਲ ਚੁਬਾਰੇ ਆ

ਬੋਦਲ਼ਾਂ ਦੇ ਸੁੱਖਵਿੰਦਰ ਦੇ ਇਹ
ਚੁੰਭਣੇ ਕਈਆਂ ਨੂੰ ਬੋਲ ਕਰਾਰੇ ਆ




## ਹਨ੍ਹੇਰੀ

ਮੇਰੇ ਮੁਰਸ਼ਦ ਦੀ ਮਹਿਮਾ ਘਣੀ ਘਨ੍ਹੇਰੀ,
ਚਲਾ ਦਿੱਤੀ ਉਨ੍ਹਾਂ ਵੇਖ ਹਨ੍ਹੇਰੀ।

ਤਾਸ਼ ਦੇ ਪੱਤਿਆਂ ਵਾਂਗ ਉਸਦਾ ਪਿਆਰ ਹੋ ਗਿਆ ਢੇਰੀ।
ਫੜੀ ਗਈ ਜਦ ਉਸ ਦੀ ਹੇਰਾਫੇਰੀ।

ਚਾਲ ਅੱਜ ਪੁੱਠੀ ਪੈ ਗਈ ਤੇਰੀ,
ਹੁਣ ਜਿੰਦ ਦੁੱਖਾਂ 'ਚ ਜਾਣੀ ਘੇਰੀ।

ਕਿਸੇ ਦਰ 'ਤੇ ਪਰਵਾਨ ਨਾ ਹੋਣੀ,
ਜਿਸ ਛੱਪੜ ਵਿਚ ਉਨ੍ਹਾਂ ਪਈ ਫੇਰੀ।

ਪਾਕ ਰੂਹਾਂ ਨੂੰ ਤੜਫਾਂ ਕੇ,
ਕੀਤੀ ਉਨ੍ਹਾਂ ਮਨਮਰਜ਼ੀ ਬਥੇਰੀ।

ਡੁੱਬਦਾ ਬੇੜਾ ਤਰ ਜਾਂਦਾ,
ਜਿਸ ਕੋਲ ਹੋਵੇ ਅੱਲਾ ਪਾਕ ਦਲੇਰੀ।

ਕਾਲੇ ਪੰਨਿਆਂ 'ਤੇ ਲਿਖੀ ਜਾਏਗੀ ਬੇਵਫ਼ਾਈ ਤੇਰੀ,
'ਬਲਜਿੰਦਰ' ਨੇ ਭਾਵੇਂ ਲਿਖਣ 'ਚ ਲਾ ਦਿੱਤੀ ਦੇਰੀ ।







ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।


"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"



E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212




## ਗ਼ਜ਼ਲ

ਗੋਡੇ-ਗੋਡੇ ਪਾਣੀ ਚੜ੍ਹ ਕੇ ਆਇਆ ਹੈ,
ਰਾਵੀ ਨਦੀ ਨੇ ਡਾਢਾ ਕਹਿਰ ਮਚਾਇਆ ਹੈ।

ਕਿੰਨੇ ਘਰ ਤੇ ਕਿੰਨੇ ਸੁਪਨੇ ਡੁੱਬੇ ਨੇ,
ਕੁਦਰਤ ਨੇ ਇਹ ਮਾੜਾ ਵਕਤ ਦਿਖਾਇਆ ਹੈ।

ਮਹਿੰਗਾਈ ਨੇ ਮੱਤ ਮਾਰੀ ਹੈ ਲੋਕਾਂ ਦੀ,
ਹਰ ਬੰਦਾ ਹੀ ਫਿਰਦਾ ਅੱਜ ਘਬਰਾਇਆ ਹੈ।

ਨਾਅਰੇ ਲਾਉਂਦੇ ਮੁੰਡੇ ਚੌਂਕਾਂ ਵਿੱਚ ਖੜ੍ਹ ਕੇ,
ਬੇਰੁਜ਼ਗਾਰੀ ਨੇ ਧਰਨਾ ਲਗਵਾਇਆ ਹੈ।

ਕਿੰਨੇ ਹੀ ਫੱਟ ਲੱਗੇ ਸਾਡੇ ਦਿਲ ਓਤੇ,
ਹਰ ਦਰਦ ਅਸੀਂ ਸੀਨੇ ਵਿੱਚ ਛੁਪਾਇਆ ਹੈ।

ਬੇਸ਼ੱਕ ਦੁਨੀਆਂ ਨੇ ਲੱਖ ਧੋਖੇ ਦਿੱਤੇ ਜੀ,
ਪਰ ਉਸ ਰੱਬ ਨੇ ਹਰ ਪਲ ਸਾਥ ਨਿਭਾਇਆ ਹੈ।

"ਪਰਮ ਕਲੇਰ" ਭਰੋਸਾ ਰੱਖੀਂ ਮਾਲਿਕ ਤੇ,
ਉਸ ਨੇ ਹੀ ਹਰ ਬੇੜਾ ਪਾਰ ਲਗਾਇਆ ਹੈ।




## ਪੰਜਾਬ ਦੀ ਇੱਕ ਦਰਦ ਕਹਾਣੀ

ਪੰਜਾਬ ਦੇ ਸੰਤਾਪ ਦੀ ਇੱਕ ਦਰਦ ਕਹਾਣੀ।
ਰੂਧਾ ਹੋਇਆ ਕੰਠ ਅੱਖਾਂ 'ਚੋਂ ਮੁੱਕਿਆ ਪਾਣੀ।

ਜਦੋਂ ਆਪਣੇ ਵੈਰੀ ਬਣ ਗਏ,
ਬੈਠੇ ਘਾਤ ਲਾ ਕੇ।
ਹੱਕ ਪੰਜਾਬ ਦੇ ਖੋਹ ਲਏ,
ਨਿਆਂ ਉਡਿਆ ਖੰਭ ਲਾ ਕੇ।
ਦਲੀਲ ਵਕੀਲ ਅਪੀਲ ਬੰਦ,
ਕਿੱਥੇ ਦੱਸੀਏ ਜਾ ਕੇ।
ਦਿੱਖ ਸਾਬਤ ਸੂਰਤ ਸਿੱਖ ਦੀ,
ਚੁਭੇ ਵੈਰੀ ਅੱਖ ਜਾਕੇ।
ਚੜ੍ਹਤ ਬੋਲੀ, ਧਰਮ ਅਤੇ ਸੰਸਥਾ,
ਨਾ ਹਾਕਮਾਂ ਮਨ ਭਾਣੀ।
ਰੂਧਾ ਹੋਇਆ ਕੰਠ ਅੱਖਾਂ 'ਚੋਂ ਮੁੱਕਿਆ ਪਾਣੀ।

ਫਿਰਨ ਹੰਕਾਰੇ ਭੇੜੀਏ,
ਮਾਰ ਨਿੱਤ ਲੇਲੇ ਖਾਣੇ।
ਬੇਦੋਸ਼ਿਆਂ ਪਿੰਡੋਂ ਚੁੱਕਦੇ,
ਪਾਪੀ ਜਰਵਾਣੇ।
ਨਾ ਛੱਡਣ ਮਰਦ ਜਾਂ ਔਰਤਾਂ,
ਬੁੱਢੇ ਤੇ ਨਿਆਣੇ।
ਕਹਿ ਸਭਨਾਂ ਅੱਤਵਾਦੀ ਮਾਰਦੇ,
ਹਿੰਦੂ ਸਿੱਖ ਮਸੀਹ ਫਰਕ ਨਾ ਜਾਣੇ।
ਮਾਰ ਨਾ ਲਾਸ਼ਾਂ ਮੋੜਦੇ,
ਲਾਵਾਰਸ ਕਹਿ ਫੂਕਣ,
ਜਾਂ ਸਿੱਟਣ ਦਰਿਆ ਪਾਣੀ।
ਰੂਧਾ ਹੋਇਆ ਕੰਠ ਅੱਖਾਂ 'ਚੋਂ ਮੁੱਕਿਆ ਪਾਣੀ।

ਮਾਪੇ ਰਹਿਣ ਉਡੀਕਦੇ,
ਕਦੋਂ ਪੁੱਤ ਘਰ ਆਵੇ?
ਕੌਣ ਦੱਸੇ, ਕਿਸ ਪੁੱਛੀਏ, ਦੁਖੀ ਕਿੱਥੇ ਜਾਵੇ?
ਜਾਂ ਕੋਈ ਧੁਰੋਂ ਫਰਿਸ਼ਤਾ ਰੱਬ ਦਾ,
ਆ ਖ਼ਬਰ ਸੁਣਾਵੇ।
ਤਦ ਆਈ ਕਿਰਨ ਇੱਕ,
ਰੋਸ਼ਨੀ ਮੱਸਿਆ ਰੁਸ਼ਨਾਵੇ।
ਉਸ ਘੁੰਮ ਘੁੰਮ ਸਿਵੇ ਕਮੇਟੀਆਂ,
ਹਰ ਲਾਸ਼ ਪਛਾਣੀ।
ਰੂਧਾ ਹੋਇਆ ਕੰਠ ਅੱਖਾਂ 'ਚੋਂ ਮੁੱਕਿਆ ਪਾਣੀ।

ਚੁਣ ਚੁਣ ਲਾਸ਼ਾਂ ਕੱਢੀਆਂ,
ਖੂਨੀ ਜਬਾੜ੍ਹਿਆਂ ਹੱਥ ਪਾਕੇ।
ਦੁਨੀਆਂ ਸਾਹਵੇਂ ਰੱਖ ਦਿੱਤੀ,
ਪੱਚੀ ਹਜਾਰ ਲਾਸ਼ ਸਜਾ ਕੇ।
ਖੂੰਖਾਰ ਕੁੱਤੇ ਬੁਖਲਾ ਗਏ,
ਇੱਧਰ ਉੱਧਰ ਨੱਸਣ ਘਬਰਾਕੇ।
ਕੁੱਤਿਆਂ ਰਲ ਸ਼ੇਰ ਉਠਾਲਿਆ,
ਇੱਕ ਦਿਨ ਘਰ ਆ ਕੇ।
ਜੁਲਮ ਤਸ਼ੱਦਦ ਢਾਹ ਦੁਸ਼ਟ,
ਚਾਹੁੰਦੇ ਡਰਾ ਈਨ ਮਨਾਣੀ।
ਰੂਧਾ ਹੋਇਆ ਕੰਠ ਅੱਖਾਂ 'ਚੋਂ ਮੁੱਕਿਆ ਪਾਣੀ।

ਹੱਥ ਬੰਨ ਸ਼ੇਰ ਨੂੰ ਮਾਰਦੇ,
ਰਫਲਾਂ ਬੱਟ, ਪਟੇ ਜੁੱਤੇ,
ਸਿਰ ਉਬਲਦਾ ਜਲ ਪਾਂਵਦੇ,
ਨਿਰਦਈ ਪਾਗਲ ਕੁੱਤੇ।
ਸ਼ੇਰ ਨਾ ਮੂਲੋਂ ਥਿੜਕਿਆ,
ਮੁੜ ਮੁੜ ਕੁੱਤਿਆਂ ਮੂੰਹ ਥੁੱਕੇ।
ਸੂਰਵੀਰ ਯੋਧੇ ਸਿੱਖ ਕੌਮ ਦੇ,
ਸੁਆਸ ਪਾਪੀ ਦੀਆਂ ਗੋਲੀਆਂ ਮੁੱਕੇ।
ਲੰਮਾ ਸਮਾਂ ਦੁਸ਼ਟ ਵੀ ਨਾ ਜੀਵਿਆ, ਖੁਦਕੁਸ਼ੀ ਕਰ ਮਰਿਆ।
ਭੱਕੂ ਮਾਜਰਾ ਸ਼ਹੀਦ ਦੀ ਸੱਚ ਹੋਈ ਭਵਿੱਖ ਬਾਣੀ।
ਸ਼ਹੀਦ ਲਾਸਾਨੀ ਵਿਸ਼ਵ ਦਾ ਘਰ ਘਰ ਚੱਲੇ ਕਹਾਣੀ।
ਰੂਧਾ ਹੋਇਆ ਕੰਠ ਅੱਖਾਂ 'ਚੋਂ ਮੁੱਕਿਆ ਪਾਣੀ।




## ਇਕ ਕੁੜੀ:ਜੀਹਦਾ ਨਾਮ ਮੁਹੱਬਤ

ਕਦੇ ਮਹਿਕਾਂ ਦੇ ਵਿੱਚ ਲੱਭਦਾ ਹਾਂ, ਕਦੇ ਪੀੜਾਂ ਦੇ ਵਿੱਚ ਲੱਭਦਾ ਹਾਂ
ਸ਼ਿਵ ਦੇ ਵਾਂਗਰਾਂ, ਇਕ ਕੁੜੀ , ਜੀਹਦਾ ਨਾਮ ਮੁਹੱਬਤ, ਲੱਭਦਾ ਹਾਂ

ਉਹ ਜਿਹਦੇ ਹਾਸੇ ਫੁੱਲ ਝੜਦੇ, ਉਹ ਜਿਹਦੇ ਨੈਣਾਂ ਵਿੱਚ ਪਾਕੀ ਸੀ
ਉਹ ਚਾਨਣ ਦੀ ਕੋਈ ਕਿਰਨ ਜਿਹੀ, ਜੋ ਮੇਰੇ ਮਨ ਦੀ ਸਾਕੀ ਸੀ
ਜਿਵੇਂ ਸੂਰਜ ਦੀ ਲਾਲੀ ਵਰਗਾ, ਉਹਦੇ ਰੂਪ ਦਾ ਜਾਦੂ ਬਾਕੀ ਸੀ

ਕਦੇ ਮਹਿਕਾਂ ਦੇ ਵਿੱਚ ਲੱਭਦਾ ਹਾਂ, ਕਦੇ ਪੀੜਾਂ ਦੇ ਵਿੱਚ ਲੱਭਦਾ ਹਾਂ
ਸ਼ਿਵ ਦੇ ਵਾਂਗਰਾਂ, ਇਕ ਕੁੜੀ , ਜੀਹਦਾ ਨਾਮ ਮੁਹੱਬਤ, ਲੱਭਦਾ ਹਾਂ

ਮੁਹੱਬਤ ਰੋਹੀ ਦਾ ਫੁੱਲ ਕੋਈ , ਜੋ ਇਕੱਲਿਆਂ ਹੀ ਖਿੜ ਜਾਂਦਾ
ਮੁਹੱਬਤ ਕੱਚਾ ਘੜਾ ਕੋਈ, ਜੋ ਲਹਿਰਾਂ ਨਾਲ ਵੀ ਭਿੜ ਜਾਂਦਾ
ਇਹ ਤਾਂ ਰੂਹ ਦਾ ਕੋਈ ਹਉਕਾ ਹੈ, ਜੋ ਚੁੱਪ-ਚੁਪੀਤੇ ਛਿੜ ਜਾਂਦਾ

ਕਦੇ ਮਹਿਕਾਂ ਦੇ ਵਿੱਚ ਲੱਭਦਾ ਹਾਂ, ਕਦੇ ਪੀੜਾਂ ਦੇ ਵਿੱਚ ਲੱਭਦਾ ਹਾਂ
ਸ਼ਿਵ ਦੇ ਵਾਂਗਰਾਂ, ਇਕ ਕੁੜੀ , ਜੀਹਦਾ ਨਾਮ ਮੁਹੱਬਤ, ਲੱਭਦਾ ਹਾਂ

ਕਿਸੇ ਦੇ ਪੈਰਾਂ ਦੀ ਝਾਂਜਰ ਵਿੱਚ, ਮੁਹੱਬਤ ਸੰਗੀਤ ਬਣਦੀ ਹੈ
ਕਿਸੇ ਦੇ ਦਿਲ ਦੇ ਕੋਨੇ ਵਿੱਚ, ਇਹ ਉਮਰਾਂ ਦਾ ਗੀਤ ਬਣਦੀ ਹੈ
ਇਹ ਅੱਗ ਦਾ ਉਹ ਦਰਿਆ ਹੈ, ਜਿੱਥੇ ਰੂਹਾਂ ਦੀ ਪ੍ਰੀਤ ਬਣਦੀ ਹੈ

ਕਦੇ ਮਹਿਕਾਂ ਦੇ ਵਿੱਚ ਲੱਭਦਾ ਹਾਂ, ਕਦੇ ਪੀੜਾਂ ਦੇ ਵਿੱਚ ਲੱਭਦਾ ਹਾਂ
ਸ਼ਿਵ ਦੇ ਵਾਂਗਰਾਂ, ਇਕ ਕੁੜੀ , ਜੀਹਦਾ ਨਾਮ ਮੁਹੱਬਤ, ਲੱਭਦਾ ਹਾਂ

ਮੁਹੱਬਤ ਪਾਉਣਾ ਸੁਖਾਲਾ ਨਹੀਂ, ਇਹ ਖੁਦ ਨੂੰ ਖੋਰਨਾ ਪੈਂਦਾ ਹੈ
ਚੁਣ ਤਿੰਕਾ- ਤਿੰਕਾ ਸਾਂਭ - ਸਾਂਭ, ਇਕ ਆਲ੍ਹਣਾ ਜੋੜਣਾ ਪੈਂਦਾ ਹੈ
ਕੋਈ ਦੱਸੇ ਪਤਾ ਉਸ ਮੁਹੱਬਤ ਦਾ, ਡਿੱਬੂ ਨੂੰ ਰੋਜ਼ ਟੋਲਣਾ ਪੈਂਦਾ ਹੈ

ਕਦੇ ਮਹਿਕਾਂ ਦੇ ਵਿੱਚ ਲੱਭਦਾ ਹਾਂ, ਕਦੇ ਪੀੜਾਂ ਦੇ ਵਿੱਚ ਲੱਭਦਾ ਹਾਂ
ਸ਼ਿਵ ਦੇ ਵਾਂਗਰਾਂ, ਇਕ ਕੁੜੀ , ਜੀਹਦਾ ਨਾਮ ਮੁਹੱਬਤ, ਲੱਭਦਾ ਹਾਂ















ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।


"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"



E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212




# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)


# ਵਾਤਾਵਰਣ ਦਿਵਸ ਸਪੈਸ਼ਲ ਐਡੀਸ਼ਨ




ਭਾਵੇਂ ਬੱਚੇ ਨੇ ਲਿਖਣ ਵੇਲ਼ੇ ਗ਼ਲਤ ਲਿਖਿਆ ਹੈ ਪ੍ਰੰਤੂ ਬੱਚੇ ਦੀ ਭਾਵਨਾ ਅੱਗੇ ਸਾਡਾ ਸੀਸ ਝੁਕਦਾ ਹੈ ਅਤੇ ਇਸ ਲਿਖਤ ਬਾਰੇ ਕੁਝ ਵੀ ਲਿਖਣ ਤੋਂ ਅਸੀਂ ਅਸਮਰਥ ਹਾਂ, ਗੁਰਬਾਣੀ ਦੇ ਵਾਕ ਬਾਰੇ ਅਸੀਂ ਕੋਈ ਸ਼ਬਦ ਲਿਖਣ ਯੋਗ ਨਹੀਂ ਹਾਂ।



ਨੰਨ੍ਹੇ ਕਲਾਕਾਰ
ਏਕਨੂਰ ਕੌਰ
ਜਮਾਤ :- 6
ਪਿੰਡ :- ਬਿਸ਼ਨਪੁਰ



ਪ੍ਰੇਰਕ ਅਧਿਆਪਕਾ
ਸ੍ਰੀਮਤੀ ਗੁਰਪ੍ਰੀਤ ਕੌਰ
ਡੀ ਏ ਵੀ ਸੀ ਸੈ ਸਕੂਲ ਦਸੂਹਾ



ਜ਼ਰੂਰੀ ਨਹੀਂ ਹੁੰਦਾ ਕਿ ਚਿੱਤਰਕਾਰੀ ਲਈ ਕੀਮਤੀ ਸਮਾਨ ਹੋਣਾ ਜ਼ਰੂਰੀ ਹੈ,ਸਸਤੇ ਮੁੱਲ ਦੇ ਸਮਾਨ ਨਾਲ਼ ਵੀ ਅਸੀਂ ਵਧੀਆ ਚਿੱਤਰਕਾਰੀ ਕਰ ਸਕਦੇ ਹਾਂ, ਇਸ ਗੱਲ ਨੂੰ ਸਾਬਿਤ ਕਰਦੀ ਤਸਵੀਰ



ਨੰਨ੍ਹੇ ਕਲਾਕਾਰ
ਤਰਨਜੀਤ ਸਿੰਘ
ਪਿੰਡ :- ਬਿਸ਼ਨਪੁਰ



ਪ੍ਰੇਰਕ ਅਧਿਆਪਕ
ਸ. ਸਤਨਾਮ ਸਿੰਘ ਭਿੰਦਰ
ਡੀ ਏ ਵੀ ਸ ਸ ਸਕੂਲ ਦਸੂਹਾ

ਗੰਦੇ ਮੰਦੇ ਪਾਣੀ ਅਤੇ ਚਿੱਕੜ ਵਿੱਚ ਖਿਲਕੇ ਵਾਤਾਵਰਨ ਦੀ ਸੁੰਦਰਤਾ ਨੂੰ ਚਾਰ ਚੰਦ ਲਾਉਣ ਵਾਲੇ



ਕਮਲ ਦਾ ਫੁੱਲ ਸਾਡਾ ਰਾਸ਼ਟਰੀ ਫੁੱਲ ਦੀ ਤਸਵੀਰ



ਨੰਨ੍ਹੇ ਕਲਾਕਾਰ
ਸਾਇਨਾ ਕੌਰ
ਜਮਾਤ :- 3
ਪਿੰਡ :- ਬਿਸ਼ਨਪੁਰ



ਪ੍ਰੇਰਕ ਅਧਿਆਪਕਾ
ਸ੍ਰੀਮਤੀ ਗੁਰਪ੍ਰੀਤ ਕੌਰ
ਡੀ ਏ ਵੀ ਸੀ ਸੈ ਸਕੂਲ ਦਸੂਹਾ

ਸਾਫ਼ ਸੁਥਰੇ ਵਾਤਵਰਣ ਅਤੇ ਰਾਸ਼ਟਰੀ ਪੰਛੀ ਮੋਰ



ਦੀ ਸੁੰਦਰਤਾ ਅਤੇ ਇਸ ਵਿੱਚ ਕੁਦਰਤ ਦੁਆਰਾ ਚ ਭਰੇ ਰੰਗਾਂ ਬਾਰੇ ਦੱਸਦੀ ਤਸਵੀਰ



ਨੰਨ੍ਹੇ ਕਲਾਕਾਰ
ਕਿਆਨ ਸਿੰਘ
ਜਮਾਤ :- 5ਵੀਂ
ਪਿੰਡ :- ਬਿਸ਼ਨਪੁਰ



ਪ੍ਰੇਰਕ ਅਧਿਆਪਕਾ
ਸ੍ਰੀਮਤੀ ਗੁਰਪ੍ਰੀਤ ਕੌਰ
ਡੀ ਏ ਵੀ ਸੀ ਸੈ ਸਕੂਲ ਦਸੂਹਾ




ਪ੍ਰਬੰਧਕੀ ਸੰਪਾਦਕ
ਅਮਰਜੀਤ ਸਿੰਘ
ਦਸੂਹਾ
89689 33711

ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਮੁੱਖ ਸੰਪਾਦਕ
ਭੁਪਿੰਦਰ ਸਿੰਘ
ਰਾਜਾ
98720 79212
78372 79212

# ਅਦਬੀ ਵਿਰਾਸਤ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)


# ਵਾਤਾਵਰਣ ਦਿਵਸ ਸਪੈਸ਼ਲ ਐਡੀਸ਼ਨ

## ਪੰਛੀਆਂ ਦਾ ਕੁਦਰਤ ਨਾਲ ਪਿਆਰ



ਅਤੇ ਕੁਦਰਤ ਦੁਆਰਾ ਪੰਛੀਆਂ ਚ ਭਰੇ ਰੰਗਾਂ ਬਾਰੇ ਦੱਸਦੀ ਤਸਵੀਰ



ਨੰਨ੍ਹੇ ਕਲਾਕਾਰ
ਬਵਨੀਤ ਕੌਰ
ਜਮਾਤ :- 5ਵੀਂ
ਪਿੰਡ :- ਬਿਸ਼ਨਪੁਰ



ਪ੍ਰੇਰਕ ਅਧਿਆਪਕਾ
ਸ਼੍ਰੀਮਤੀ ਗੁਰਪ੍ਰੀਤ ਕੌਰ
ਡੀ ਏ ਵੀ ਸੀ ਸੈ ਸਕੂਲ ਦਸੂਹਾ





## ਬਾਲ ਕਲਾਕਾਰ ਜਸਵਿੰਦਰ ਸਿੰਘ ਦੁਆਰਾ ਮਰਹੂਮ ਕਹਾਣੀਕਾਰ ਲਾਲ ਸਿੰਘ ਦਸੂਹਾ ਜੀ ਦੀ ਬਣਾਈ ਫੋਟੋ



ਬਾਲ ਕਲਾਕਾਰ
ਜਸਵਿੰਦਰ ਸਿੰਘ
ਜਮਾਤ :- 9
ਸ ਹ ਸ ਰਾਜਪੁਰ ਗਹੋਤ



ਪ੍ਰੇਰਕ ਅਧਿਆਪਕਾ
ਸ਼੍ਰੀਮਤੀ ਗੁਰਵੀਰ ਕੌਰ
ਹਿੰਦੀ ਮਿਸਟ੍ਰੈਸ
ਸ ਹ ਸ ਰਾਜਪੁਰ ਗਹੋਤ





## ਰੁੱਖਾਂ ਦੀ ਕਟਾਈ ਨੂੰ ਲੈਕੇ ਆਉਣ ਵਾਲੇ ਸਮੇਂ ਵਿੱਚ ਧਰਤੀ ਮਾਤਾ ਦੇ ਹਾਲਾਤਾਂ ਦੀ ਦਸ਼ਾ ਪੇਸ਼ ਕਰਦੀ ਤਸਵੀਰ



ਸਹਿਜਵੀਰ ਸਿੰਘ
ਜਮਾਤ 4, ਸ. ਅ. ਸ.
ਚੌਟਾਲਾ , ਭੂੰਗਾ 1



ਪ੍ਰੇਰਕ ਅਧਿਆਪਕਾ
ਸ਼੍ਰੀਮਤੀ ਕਿਰਪਾਲ ਕੌਰ
ਸ. ਅ. ਸ. ਚੌਟਾਲਾ , ਭੂੰਗਾ 1



## ਵਿਅਰਥ ਚੀਜਾਂ ਨਾਲ ਵੀ ਕੁਝ ਵਧੀਆ ਅਤੇ ਸੋਹਣੀ ਵਸਤੂ ਤਿਆਰ ਕਰਨ ਦੀ ਗੱਲ ਨੂੰ ਸਾਬਿਤ ਕਰਦੀ ਤਸਵੀਰ



ਨੰਨ੍ਹੇ ਕਲਾਕਾਰ ਦਾ ਨਾਮ
ਸੁਫ਼ੀਆਨ
ਜਮਾਤ 6ਵੀਂ
ਡੀ ਏ ਵੀ ਸੀ ਸੈ ਸਕੂਲ ਦਸੂਹਾ



ਪ੍ਰੇਰਕ ਅਧਿਆਪਕਾ
ਸ਼੍ਰੀਮਤੀ ਗੁਰਪ੍ਰੀਤ ਕੌਰ
ਡੀ ਏ ਵੀ ਸੀ ਸੈ ਸਕੂਲ ਦਸੂਹਾ




ਪ੍ਰਬੰਧਕੀ ਸੰਪਾਦਕ
ਅਮਰਜੀਤ ਸਿੰਘ ਦਸੂਹਾ
89689 33711

ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com

ਸੰਪਰਕ ਨੰਬਰ :- 89689 33711 , 98720 79212



ਮੁੱਖ ਸੰਪਾਦਕ
ਭੁਪਿੰਦਰ ਸਿੰਘ ਰਾਜਾ
98720 79212
78372 79212

ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

ਹਫ਼ਤਾਵਰੀ ਆਨਲਾਈਨ ਮੈਗਜ਼ੀਨ

ਅਦਬੀ ਵਿਰਾਸਤ

ਅੰਕ 07 ਸਾਡਾ ਸਾਹਿਤ ਸਾਡੀ ਸ਼ਾਨ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਪੰਜਾਬ ,( ਓਵਰਸੀਜ਼ ਦਫ਼ਤਰ ਕੈਲਗਰੀ,ਕਨੇਡਾ)

ਲੜੀ ਨੰਬਰ 388, ਸਥਾਪਨਾ . ਦਸੂਹਾ , 06/07/2026 ਦਿਨ ਸੋਮਵਾਰ ( ਨਾਨਕਸ਼ਾਹੀ ਸੰਮਤ 22 ਹਾੜ 558) adbivirsat@gmail.com

# 'ਮਾਂ -ਇੱਕ ਅਨਮੋਲ ਰਤਨ '

ਇੱਕ ਵਾਰ ਦੀ ਗੱਲ ਹੈ, ਇੱਕ ਪਿੰਡ ਵਿੱਚ ਸੋਨੂ ਅਤੇ ਸੀਮਾ ਰਹਿੰਦੇ ਸਨ। ਦੋਵੇਂ ਭੈਣ ਭਰਾ ਸੀ। ਉਹਨਾਂ ਦੀ ਮਾਤਾ ਜੀ ਦੋਵਾਂ ਨਾਲ ਬਹੁਤ ਪਿਆਰ ਕਰਦੇ ਸਨ। ਸੋਨੂ ਅਤੇ ਸੀਮਾ ਦੇ ਪਿਤਾ ਜੀ ਦੀ ਮੌਤ ਚਾਰ ਸਾਲ ਪਹਿਲਾਂ ਹੀ ਹੋ ਗਈ ਸੀ, ਜਦੋਂ ਸੀਮਾ ਸਿਰਫ 8 ਸਾਲਾਂ ਦੀ ਅਤੇ ਸੋਨੂ 10 ਸਾਲਾਂ ਦਾ ਸੀ। ਉਹ ਦੋਵੇਂ ਆਪਸ ਵਿੱਚ ਬਹੁਤ ਲੜਦੇ ਸਨ। ਉਹਨਾਂ ਦੇ ਮਾਤਾ ਜੀ ਉਹਨਾਂ ਨੂੰ ਬਹੁਤ ਸਮਝਾਉਣਾ ਚਾਹਿਆ ਪਰ ਉਹਨਾਂ ਨੂੰ ਆਪਣੇ ਮਾਤਾ ਜੀ ਦੀ ਗੱਲ ਦਾ ਕੋਈ ਫਰਕ ਨਾ ਪਿਆ। ਇੱਕ ਦਿਨ ਮਾਤਾ ਕਮਲਾ ਨੂੰ ਪਤਾ ਲੱਗਾ ਕਿ ਉਹਨਾਂ ਦੇ ਗੁਆਂਢਣ ਉਹਨਾਂ ਦੇ ਬੱਚਿਆਂ ਨੂੰ ਆਪਸ ਵਿੱਚ ਲਾਉਂਦੇ ਰਹਿੰਦੇ ਸਨ ਅਤੇ ਕਹਿੰਦੇ ਸਨ ਕਿ ਤੁਹਾਡੇ ਮਾਤਾ ਜੀ ਤੁਹਾਨੂੰ ਬਿਲਕੁਲ ਪਿਆਰ ਨਹੀਂ ਕਰਦੇ। ਇਸ ਕਰਕੇ ਬੱਚੇ ਆਪਣੇ ਘਰ ਦੀ ਰੋਟੀ ਵੀ ਨਹੀਂ ਖਾਂਦੇ ਸਨ ਉਸੇ ਰਾਤ ਕਮਲਾਂ ਨੇ ਦੋਵੇਂ ਬੱਚਿਆਂ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ ਬੱਚਿਓ, ਮੈਂ ਤੁਹਾਡੇ ਨਾਲ ਬਹੁਤ ਪਿਆਰ ਕਰਦੀ ਹਾਂ ਕਿ ਤੁਸੀਂ ਮੇਰੇ ਨਾਲ ਪਿਆਰ ਨਹੀਂ ਕਰਦੇ। ਬੱਚਿਆਂ ਨੇ ਕਿਹਾ ਤੁਸੀਂ ਤਾਂ ਸਾਡੇ ਵਿੱਚ ਫਰਕ ਕਰਦੇ ਹੋ ਤਾਂ ਤੁਸੀਂ ਸਾਡੇ ਨਾਲ ਪਿਆਰ ਕਿਵੇਂ ਕਰਦੇ ਹੋ? ਤਾਂ ਕਮਲਾ ਨੇ ਹੱਸ ਕੇ ਜਵਾਬ ਦਿੱਤਾ ਅਤੇ ਕਿਹਾ ਬੱਚਿਓ ਦੁਨੀਆ ਕਿਸੇ ਦੀ ਆਪਣੀ ਨਹੀਂ ਹੁੰਦੀ ਅਤੇ ਨਾ ਹੀ ਸਾਨੂੰ ਜ਼ਿੰਦਗੀ ਭਰ ਆਪਣੇ ਕੋਲ ਰੱਖਦੀ ਹੈ। ਚਲੋ ਠੀਕ ਹੈ ਕਿ ਤੁਹਾਨੂੰ ਲੱਗਦਾ ਹੈ ਕਿ ਮੈਂ ਤੁਹਾਡੇ ਨਾਲ ਪਿਆਰ ਨਹੀਂ ਕਰਦੀ ਕਿ ਮੈਂ ਤੁਹਾਨੂੰ ਕਦੇ ਮਾਰਿਆ ਹੈ? ਬੱਚਿਆਂ ਨੇ ਨਾ ਵਿੱਚ ਸਿਰ ਹਿਲਾਇਆ ਅਤੇ ਕਿਹਾ ਕਿ ਮਾਂ ਸਾਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਸਾਡੇ ਨਾਲ ਕਿੰਨਾ ਪਿਆਰ ਕਰਦੇ ਹੋ ਅਤੇ ਸਾਡੇ ਲਈ ਕਿੰਨੀ ਮਿਹਨਤ ਕਰਦੇ ਹੋ। ਮਾਂ ਸਾਨੂੰ ਮਾਫ ਕਰ ਦਿਓ ਅਸੀਂ ਤੁਹਾਡੇ ਪਿਆਰ ਨੂੰ ਸਮਝ ਨਹੀਂ ਸਕੇ। ਉਸ ਦਿਨ ਕਮਲਾਂ ਨੇ ਆਪਣੇ ਬੱਚਿਆਂ ਦੇ ਖਾਣ ਲਈ ਉਹਨਾਂ ਦੀ ਪਸੰਦ ਦੀ ਖੀਰ ਬਣਾਈ। ਉਸ ਦਿਨ ਬੱਚਿਆਂ ਨੇ ਆਪਣੇ ਮਾਂ ਦੇ ਹੱਥੋਂ ਜੀ ਭਰ ਕੇ ਰੋਟੀ ਖਾਦੀ। ਤਾਂ ਹੀ ਕਹਿੰਦੇ ਹਾਂ ਕਿ ਮਾਂ ਮਾਂ ਹੁੰਦੀ ਹੈ ਭਾਵੇਂ ਉਹ ਭੁੱਖੀ ਰਹੇ ਪਰ ਆਪਣੇ ਬੱਚਿਆਂ ਨੂੰ ਕਦੇ ਵੀ ਭੁੱਖਾ ਨਹੀਂ ਰਹਿਣ ਦਿੰਦੀ। ਭਾਵੇਂ ਉਹ ਮਨੁੱਖ ਹੋਵੇ ਜਾਂ ਜਾਨਵਰ ਮਾਂ ਆਪਣੇ ਸਾਰੇ ਬੱਚਿਆਂ ਨੂੰ ਇੱਕ ਸਮਾਨ ਅਤੇ ਏਕਤਾ ਵਿੱਚ ਰਹਿਣ ਦੀ ਸਿੱਖ ਦਿੰਦੀ ਹੈ।



ਬਾਲ ਲੇਖਿਕਾ
ਪ੍ਰਾਚੀ ਪ੍ਰਿਯਾ
ਜਮਾਤ: 7
ਸ ਹ ਸ ਰਾਜਪੁਰ ਗਹੋਤ



ਪ੍ਰੇਰਕ ਅਧਿਆਪਕਾ
ਸ਼੍ਰੀਮਤੀ ਗੁਰਵੀਰ ਕੌਰ
ਹਿੰਦੀ ਮਿਸਟ੍ਰੈਸ
ਸ ਹ ਸ ਰਾਜਪੁਰ ਗਹੋਤ




ਆਪਣੀਆਂ ਰਚਨਾਵਾਂ ਭੇਜਣ ਲਈ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰੋ।

"ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ। ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸੰਬੰਧਿਤ ਲੇਖਕ ਹੀ ਜ਼ਿੰਮੇਵਾਰ ਹੈ, ਸੰਪਾਦਕੀ ਮੰਡਲ ਨਹੀਂ।"

E-mail - adbivirsat@gmail.com
ਸੰਪਰਕ ਨੰਬਰ :- 89689 33711 , 98720 79212



ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

# ਅਦਬੀ ਵਿਰਾਸਤ

ਅੰਕ 06

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)




# ਜਨਤਕ ਸੂਚਨਾ

## ਸਮੂਹ ਲੇਖਕਾਂ, ਪਾਠਕਾਂ ਅਤੇ ਸਾਹਿਤ-ਪ੍ਰੇਮੀਆਂ ਦੇ ਧਿਆਨ ਹਿੱਤ

ਅਦਾਰਾ "ਅਦਬੀ ਵਿਰਾਸਤ ਮੈਗਜ਼ੀਨ" ਅਤੇ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.), ਪੰਜਾਬ ਆਪਣੀ ਸਪੱਸ਼ਟ ਅਤੇ ਨਿਰਵਿਵਾਦ ਨੀਤੀ ਅਨੁਸਾਰ ਇਹ ਐਲਾਨ ਕਰਦੇ ਹਨ ਕਿ ਅਦਾਰੇ ਵੱਲੋਂ ਕਿਸੇ ਵੀ ਲੇਖਕ ਦੀ ਰਚਨਾ ਪ੍ਰਕਾਸ਼ਿਤ ਕਰਨ, ਸਾਹਿਤਕ ਪ੍ਰਤੀਕਰਮ ਦੇਣ ਜਾਂ ਕਿਸੇ ਵੀ ਹੋਰ ਸਾਹਿਤਕ ਸੇਵਾ ਦੇ ਬਦਲੇ ਕਿਸੇ ਵੀ ਤਰ੍ਹਾਂ ਦੀ ਫ਼ੀਸ, ਚੰਦਾ ਜਾਂ ਆਰਥਿਕ ਰਕਮ ਨਹੀਂ ਲਈ ਜਾਂਦੀ। ਸਾਡਾ ਮਕਸਦ ਵਪਾਰ ਕਰਨਾ ਨਹੀਂ ਹੈ ਅਤੇ ਨਾ ਹੀ ਆਰਥਿਕ ਲਾਭ। ਸਾਡੀ ਇੱਕੋ-ਇੱਕ ਵਚਨਬੱਧਤਾ ਪੰਜਾਬੀ ਮਾਂ-ਬੋਲੀ ਦੀ ਸੇਵਾ, ਸਾਹਿਤਕ ਕਦਰਾਂ-ਕੀਮਤਾਂ ਅਤੇ ਸਾਹਿਤਿਕ ਵਿਰਾਸਤ ਦੀ ਸੰਭਾਲ਼ ਨਵੇਂ ਅਤੇ ਉਭਰਦੇ ਸਾਹਿਤਕਾਰਾਂ ਨੂੰ ਪਉਤਸ਼ਾਹ ਦੇਣਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਉਣਾ ਹੈ।

ਇਸ ਲਈ ਸਮੂਹ ਲੇਖਕਾਂ ਅਤੇ ਪਾਠਕਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਅਦਾਰੇ, "ਅਦਬੀ ਵਿਰਾਸਤ ਮੈਗਜ਼ੀਨ" ਜਾਂ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ਜਾਂ ਪ੍ਰਬੰਧਕੀ/ਸੰਪਾਦਕੀ ਮੰਡਲ ਦਾ ਨਾਮ ਵਰਤ ਕੇ ਕਿਸੇ ਵੀ ਕਿਸਮ ਦੀ ਵਸਤੂ, ਰਕਮ ਜਾਂ ਕਿਸੇ ਕਿਸਮ ਦੇ ਲਾਭ ਦੀ ਮੰਗ ਕਰਦਾ ਹੈ ਜਾਂ ਵਸੂਲਦਾ ਹੈ, ਤਾਂ ਉਹ ਪੂਰੀ ਤਰ੍ਹਾਂ ਆਪਣੀ ਨਿੱਜੀ ਜ਼ਿੰਮੇਵਾਰੀ 'ਤੇ ਅਜਿਹਾ ਕਰ ਰਿਹਾ ਹੈ। ਅਦਾਰੇ ਦਾ ਅਜਿਹੇ ਵਿਅਕਤੀ ਜਾਂ ਉਸ ਦੀ ਕਾਰਵਾਈ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਅਦਾਰਾ ਇਸ ਦਾ ਸਖ਼ਤ ਵਿਰੋਧ ਕਰਦਾ ਹੈ।

ਸਮੂਹ ਲੇਖਕਾਂ ਅਤੇ ਪਾਠਕਾਂ ਨੂੰ ਬੇਨਤੀ ਹੈ ਕਿ ਅਜਿਹੀ ਕਿਸੇ ਵੀ ਘਟਨਾ ਦੀ ਜਾਣਕਾਰੀ ਤੁਰੰਤ ਅਦਾਰੇ ਦੇ ਪ੍ਰਬੰਧਕੀ ਜਾਂ ਸੰਪਾਦਕੀ ਮੰਡਲ ਦੇ ਹੇਠਾਂ ਦਿੱਤੇ ਸੰਪਰਕ ਨੰਬਰਾਂ ਤੇ ਰਾਬਤਾ ਕਰਕੇ ਜਾਣਕਾਰੀ ਪਹੁੰਚਾਈ ਜਾਵੇ, ਤਾਂ ਜੋ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

**ਸਾਹਿਤ ਸੇਵਾ ਸਾਡਾ ਸੰਕਲਪ ਹੈ,ਵਪਾਰ ਨਹੀਂ**
**ਪੰਜਾਬੀ ਮਾਂ-ਬੋਲੀ ਦੀ ਸੇਵਾ ਹੀ ਸਾਡਾ ਧਰਮ ਹੈ**

ਵੱਲੋਂ :
ਪ੍ਰਬੰਧਕੀ ਅਤੇ ਸੰਪਾਦਕੀ ਮੰਡਲ
ਅਦਾਰਾ "ਅਦਬੀ ਵਿਰਾਸਤ"
ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ
ਸਾਹਿਤਕ ਮੰਚ (ਰਜਿ.), ਪੰਜਾਬ

| ਅਮਰਜੀਤ ਸਿੰਘ ਦਸੂਹਾ | ਭੁਪਿੰਦਰ ਸਿੰਘ ਰਾਜਾ | ਗੁਰਪ੍ਰੀਤ ਪ੍ਰੀਤ ਹੈਪੀ ਸਹੋਤਾ |
|---|---|---|
| ਪ੍ਰਬੰਧਕੀ ਸੰਪਾਦਕ | ਮੁੱਖ ਸੰਪਾਦਕ | ਇੰਚਾਰਜ |
| 89689 33711 | 98720 79212 | 98558 13187 |




**ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।**

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212

